# ਅੰਮ੍ਰਿਤ ਕੀਰਤਨ

ਅੰਕ 2 ਸਾਲ ਤੀਜਾ ਫਰਵਰੀ 1991

ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥

ਕੀਰਤਨੀਆ ਧੰਨਤਾ ਦੇ ਯੋਗ ਹਨ ਕੀਰਤਨ ਦਾ ਮਕਸਦ, ਅਕਾਲ ਪੁਰਖ ਰਾਮ ਦੀ ਸਿਫਤ ਸਲਾਹ ਹੋਵੇ ਕੇਵਲ ਮਾਇਕ ਲਾਲਸਾ, ਨਿਜੀ ਪ੍ਰਸ਼ੰਸਾ ਜਾਂ ਸੰਸਾਰਕ ਮਨੋਕਾਮਨਾਵਾਂ ਨਾ ਹੋਣ !




Blessed are those who sing the praise of omnipresent Lord without any greed or temptation.

'ਹਿਊਮੈਨਟੀ' ਵੱਲੋਂ ਕੀਰਤਨ ਅਤੇ ਕੀਰਤਨੀਆਂ ਦੇ ਸਤਿਕਾਰ ਵੱਜੋਂ ਨਵੇਂ ਸਾਲ ਲਈ ਛਾਪੇ ਗਏ ਕਾਰਡ ਦੀ ਤਸਵੀਰ ।

ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ ਲਈ ਮਾਇਕ ਸਹਾਇਤਾ ਭੇਜਣ ਵਾਲੇ ਸੁਹਿਰਦ ਅਤੇ ਸੂਝਵਾਨ ਸੱਜਣ

(ਮਿਤੀ 21-12-90 ਤੋਂ 20-1-91 ਤਕ)

| | | |
|---|---|---|
| — | ਸ੍ਰ. ਪ੍ਰਿਤਪਾਲ ਸਿੰਘ 58, ਮਸਜਿਦਲੇਨ ਭੋਗਲ ਨਵੀਂ ਦਿੱਲੀ | 100/- |
| — | ਸ੍ਰੀਮਤੀ ਅੰਮ੍ਰਿਤ ਪਾਲ ਕੌਰ ਸੁਪਤਨੀ ਸ੍ਰ. ਕਰਮਜੀਤ ਸਿੰਘ, ਬੰਗਾ | 70/- |
| — | ਗਿਆਨੀ ਅਵਤਾਰ ਸਿੰਘ ਅਮਰ ਸ੍ਰੀ ਗੁਰੂ ਸਿੰਘ ਸਭਾ ਕਰਮਪੁਰ, ਜ਼ਿਲ੍ਹਾ ਗੰਗਾ ਨਗਰ | 50/- |
| — | ਪ੍ਰੋ. ਗੁਰਦਰਸ਼ਨ ਸਿੰਘ ਧੰਜਲ ਪ੍ਰੀਤਮ ਨਿਵਾਸ ਫਗਵਾੜਾ | 50/- |
| — | ਗਿਆਨੀ ਬਚਿੱਤਰ ਸਿੰਘ ਐਡਵੋਕੇਟ 1636/18-ਡੀ, ਚੰਡੀਗੜ੍ਹ | 50/- |
| — | ਕੀਰਤਨ ਭੇਟ ਸ੍ਰ. ਹਰਭਜਨ ਸਿੰਘ ਚੋਪੜਾ ਰਾਹੀਂ | 176/- |
| — | ਸ ਸ ਕਾਲਰਾ ਐਨ. ਐਫ. ਐਲ. ਕਲੋਨੀ ਪਾਨੀਪਤ | 50/- |
| — | ਭਾਈ ਮੋਹਨ ਸਿੰਘ ਵੈਦ ਐਂਡ ਸੰਨਜ਼ ਤਰਨਤਾਰਨ | 100/- |
| — | ਮਾਸਟਰ ਰਣ ਸਿੰਘ ਗਿੱਲ ,, | 50/- |
| — | ਸੰਤ ਬਾਬਾ ਕਰਨੈਲ ਸਿੰਘ ਟੱਲੇਵਾਲ ਜ਼ਿਲਾ ਸੰਗਰੂਰ | 50/- |
| — | ਮ/ਸ ਸੰਧੂ ਸਟੂਡੀਓ ਫਿਰੋਜਪੁਰ ਰੋਡ ਲੁਧਿਆਣਾ | 60/- |
| — | ਮ/ਸ ਮੋਨਾਲਿਜ਼ਾ ਸਿਲਕ ਐਂਡ ਸਾੜੀ ਚੌੜਾ ਬਾਜ਼ਾਰ ਲੁਧਿਆਣਾ | 60/- |
| — | ਸ੍ਰ. ਗੁਰਚਰਨ ਸਿੰਘ ਐਮਪਾਇਰ ਡਿਪਾਰਟਮੈਂਟਲ ਸਟੋਰ ਲੁਧਿਆਣਾ | 60/- |
| — | ਪ੍ਰਦੀਪ ਢੱਲ, 34-ਐਫ ਗੁਰਦੇਵ ਨਗਰ ਲੁਧਿਆਣਾ | 60/- |
| — | ਸ੍ਰ. ਦਲਜੀਤ ਸਿੰਘ ਜੱਸਲ, ਜੱਸਲ ਆਰਟ ਗੈਲਰੀ ਲੁਧਿਆਣਾ | 60/- |
| — | ਸ੍ਰ. ਰਵਿੰਦਰ ਸਿੰਘ ਰਤਨ ਟਰੇਡਰਜ਼ ਲੁਧਿਆਣਾ | 60/- |
| — | ਸ੍ਰ. ਹਰਦੀਪ ਸਿੰਘ 4-ਸੀ ਸਰਾਭਾ ਨਗਰ ਲੁਧਿਆਣਾ | 60/- |
| — | ਜੇ. ਪੀ. ਸਿੰਘ ਡੋਗਰ ਬਸਤੀ ਫਰੀਦਕੋਟ | 50/- |
| — | ਸ੍ਰ. ਜੈ ਦੇਵ ਸਿੰਘ 3284/19-ਡੀ ਚੰਡੀਗੜ੍ਹ | 50/- |
| — | ਲੈਕ. ਐਚ. ਪੀ. ਸਿੰਘ 226/35 ਏ ਚੰਡੀਗੜ੍ਹ | 101/- |
| — | ਵਿ. ਕ. ਮੋਹਨ ਸਿੰਘ (ਰਿ.) 1050/36 ਸੀ ਚੰਡੀਗੜ੍ਹ | 50/- |
| — | ਸ੍ਰ. ਕੁਲਤਾਰਨ ਸਿੰਘ 547 ਮਾਡਲ ਟਾਊਨ ਜਲੰਧਰ | 50/- |
| — | ਰਾਮ ਰਤਨ 330/33 ਏ ਚੰਡੀਗੜ੍ਹ | 50/- |
| — | ਉਪਕਾਰ ਸਿੰਘ ਕੋਹਲੀ ਉਲਹਾਸ ਨਗਰ | 50/- |
| — | ਸ੍ਰ. ਭਗਵੰਤ ਸਿੰਘ 1225/15 ਬੀ ਚੰਡੀਗੜ੍ਹ | 50/- |
| — | ਐਨ. ਪੀ. ਸਿੰਘ ਪੰਜਾਬ ਭਵਨ ਨਵੀਂ ਦਿੱਲੀ (ਰਾਹੀਂ ਗੁਰਚਰਨ ਸਿੰਘ ਚੰਨੀ) | 50/- |
| — | ਸ੍ਰ. ਸੁਖਵਿੰਦਰ ਸਿੰਘ 2105/1 ਸੈਕਟਰ 45 C ਚੰਡੀਗੜ੍ਹ | 500/- |

(ਬਾਕੀ ਸਫਾ 35 ਤੇ)

# ਅੰਮ੍ਰਿਤ ਕੀਰਤਨ

# Amrit Kirtan

ਅੰਕ 2 ਸਾਲ ਤੀਜਾ ਫਰਵਰੀ 1991

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

**ਦੇਸ਼**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼**

| | |
|---|---|
| ਸਲਾਨਾ | 300 ਰੁਪਏ |
| ਜੀਵਨ ਮੈਂਬਰ | 3000 ਰੁਪਏ |

## ਵਿਸ਼ਾ ਪੰਨਾ

1. ਬਸੰਤ ਅਤੇ ਸੰਗੀਤ
—ਪ੍ਰੋ. ਨਵਸੰਗੀਤ ਸਿੰਘ 4
2. ਆਸਾ ਦੀ ਵਾਰ : ਲੜੀਵਾਰ ਵੀਚਾਰ
—ਪ੍ਰੇਮ ਸਿੰਘ ਪ੍ਰੇਮ 7
3. ਸੰਗੀਤ ਦੀ ਮਹਿਮਾ
—ਵੱਲੋਂ ਪ੍ਰੋ. ਹਰੀ ਸਿੰਘ ਜੀ ਐਮ.ਏ. 9
4 ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ
—ਡਾ. ਜਾਗੀਰ ਸਿੰਘ 11
5. ਗੁਰਬਾਣੀ ਦਾ ਪਰਭਾਵ
—ਪ੍ਰੋ. ਸਾਹਿਬ ਸਿੰਘ ਡੀ. ਲਿਟ. 15
6, ਭਾਈ ਗੁਰਮੇਜ ਸਿੰਘ ਜੀ
—ਇੰਦਰਜੀਤ ਸਿੰਘ ਗੋਗੋਆਣੀ 19
7. ਸੁਰ ਲਿਪੀ ਤੇ ਚਿੰਨ੍ਹ 22
—ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ
8. ਰਾਗ ਬਸੰਤ ਸੁਰ ਲਿਪੀ
—ਹਰਿਭਜਨ ਸਿੰਘ 24
9. ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ 28

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬਸੰਤ ਅਤੇ ਸੰਗੀਤ

ਪ੍ਰੋ. ਨਵ ਸੰਗੀਤ ਸਿੰਘ

ਬਸੰਤ, ਨਵੀਨ ਜੀਵਨ ਅਤੇ ਪ੍ਰੇਰਨਾ ਦੀ ਪ੍ਰਤੀਕ ਹੈ। ਇਉਂ ਜਾਪਦਾ ਹੈ ਜਿਵੇਂ ਸ੍ਰਿਸ਼ਟੀ ਆਪਣੇ ਸੋਲ੍ਹਾਂ ਸ਼ਿੰਗਾਰਾਂ ਨਾਲ ਸਜੀ-ਸੰਵਰੀ ਖੁਸ਼ੀ ਨਾਲ ਮੱਚਦੀ, ਗਾਉਂਦੀ ਤੇ ਵਜਾਉਂਦੀ ਹੈ। ਠੰਡੀ ਸੁਗੰਧਿਤ ਹਵਾ ਦੁਆਰਾ ਰੁੱਖਾਂ, ਵੇਲਾਂ ਅਤੇ ਜੀਵਾਂ ਨੂੰ ਮਧੁਰ ਸਪਰਸ਼ ਕਰਦੀ ਹੋਈ ਸ੍ਰਿਸ਼ਟੀ ਸਭ ਨੂੰ ਆਨੰਦ-ਮੰਗਲ ਦੀ ਪ੍ਰੇਰਣਾ ਦਿੰਦੀ ਹੈ। ਫੁੱਲ ਖਿੜਦੇ ਹਨ ਤੇ ਉਨ੍ਹਾਂ ਦਾ ਹੀ ਅਨੁਕਰਣ ਕਰਦੇ ਹੋਏ ਯੁਵਕ-ਯੁਵਤੀਆਂ ਦੇ ਮਨਾਂ ਵਿਚ ਆਨੰਦ ਉਮਡਦਾ ਹੈ। ਰੁੱਖ ਤੇ ਵੇਲਾਂ ਝੂਮਦੇ ਹੋਏ ਆਪਣੇ ਆਨੰਦ-ਉਤਸਵ ਵਿਚ ਭਾਗ ਲੈਣ ਲਈ ਸਾਰੇ ਸੰਸਾਰ ਨੂੰ ਨਿਮੰਤ੍ਰਣ ਦਿੰਦੇ ਹਨ। ਅੰਬਾਂ ਦੇ ਰੁੱਖਾਂ ਤੋਂ ਕੋਇਲ ਆਪਣੇ ਸੁਰੀਲੇ ਗਲੇ ਰਾਹੀਂ ਸਾਰਿਆਂ ਦਾ ਸਵਾਗਤ ਕਰਦੀ ਹੈ! ਦੁਖੀ-ਪੀੜਤਾਂ ਨੂੰ ਛਿਣ ਭਰ ਲਈ ਸੁਖ ਦਾ ਅਨੁਭਵ ਕਰਾ ਦੇਣ ਵਾਲੀ ਬਸੰਤ ਦਾ ਮਹੱਤਵ ਕਵੀਆਂ ਅਤੇ ਗਾਇਕਾਂ ਨੇ ਸੁਰ ਅਤੇ ਰਾਗ-ਰਾਗਣੀਆਂ ਦੁਆਰਾ ਪ੍ਰਗਟ ਕੀਤਾ ਹੈ।

ਸੰਗੀਤ ਵਿਚ ਅਜਿਹੇ ਕਈ ਰਾਗ ਅਤੇ ਗੀਤ ਹਨ, ਜੋ ਖਾਸ ਤੌਰ ਤੇ ਬਸੰਤ ਰੁੱਤ ਵਿਚ ਗਾਏ ਜਾਂਦੇ ਹਨ ਬਸੰਤ, ਬਹਾਰ, ਹਿੰਡੋਲ, ਲਲਿਤ, ਪੰਚਮ-ਪਰਜ ਆਦਿ ਕੁਝ ਐਸੇ ਰਾਗ ਹਨ ਜਿਨ੍ਹਾਂ ਵਿਚ ਬਸੰਤ ਰੁੱਤ ਦੀ ਪ੍ਰਸ਼ੰਸਾ ਗੀਤ, ਸੁਰ ਅਤੇ ਲੈਅ ਦੁਆਰਾ ਬਹੁਤ ਸੁੰਦਰ ਢੰਗ ਨਾਲ ਕੀਤੀ ਗਈ ਹੈ। ਇਨ੍ਹਾਂ ਰਾਗਾਂ ਦੇ ਮਿਸ਼ਰਣ ਨਾਲ ਬਣੇ ਹੋਏ ਕਈ ਇਕ ਹੋਰ ਰਾਗ ਜਿਵੇਂ ਬਸੰਤ-ਬਹਾਰ, ਬਸੰਤ-ਪੰਚਮ, ਹਿੰਡੋਲ ਬਹਾਰ, ਲਲਿਤ-ਪੰਚਮ, ਹਿੰਡੋਲ-ਪੰਚਮ ਗਾਏ-ਵਜਾਏ ਜਾਂਦੇ ਹਨ।

ਬਸੰਤ, ਹਿੰਡੋਲ, ਪੰਚਮ, ਸੋਹਿਨੀ ਇਹ ਰਾਗ ਪ੍ਰਾਚੀਨ ਸੰਗੀਤ ਵਿਚ ਮਿਲਦੇ ਹਨ। ਬਸੰਤ ਰੁੱਤ ਦੇ ਸ਼ਿੰਗਾਰ ਦਾ ਵਰਣਨ ਅਤੇ ਪ੍ਰਭੂ-ਨਾਮ ਵਿਚ ਰੰਗੇ ਹੋਏ ਲੋਕਾਂ ਲਈ ਸੁਹਾਵਣੀ ਰੁੱਤ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਦੇਵ ਜੀ ਬਸੰਤ ਰਾਗ ਦੇ ਅੰਤਰਗਤ ਲਿਖਦੇ ਹਨ।

ਰੁਤਿ ਆਈਲੇ ਸਰਸ ਬਸੰਤ ਮਾਹਿ ॥
ਰੰਗਿ ਰਾਤੇ ਰਵਹਿ ਸਿ ਤੇਰੈ ਚਾਇ ॥
ਕਿਸੁ ਪੂਜ ਚੜਾਵਉ ਲਗਉ ਪਾਇ ॥
ਤੇਰਾ ਦਾਸਨਿ ਦਾਸਾ ਕਹਉ ਰਾਇ ॥

— — -

ਤੇਰੇ ਸਠਿ ਸੰਬਤ ਸਭਿ ਤੀਰਥਾ ॥
ਤੇਰਾ ਸਚੁ ਨਾਮੁ ਪਰਮੇਸਰਾ ॥ (ਆਦਿ ਗ੍ਰੰਥ, ਪੰਨਾ 1168)

ਪ੍ਰਾਚੀਨ ਸੰਗੀਤ ਵਿਚ ਇਹ ਇਕ ਗਾਈ ਜਾਣ ਵਾਲੀ ਬੰਦਿਸ਼ ਦੀ ਚੀਜ਼ ਹੈ। ਇਸ ਵਿਚ ਗੁਰੂ ਸਾਹਿਬ ਨੇ ਬਸੰਤ ਦੇ ਮਹੀਨੇ ਨੂੰ ਮੁਬਾਰਕ ਮੰਨਿਆ ਹੈ। ਉਹ ਇਹ ਵੀ ਕਹਿੰਦੇ ਹਨ ਕਿ ਹੇ ਪਰਮਾਤਮਾ! ਜੋ ਤੇਰੇ ਨਾਂ ਵਿਚ ਰੰਗੇ ਹਨ, ਉਹ ਚਾਅ ਵਿਚ ਤੈਨੂੰ ਜਪਦੇ ਹਨ, ਉਨ੍ਹਾਂ ਲਈ ਰੁੱਤ ਆਈ ਹੈ ਤੇ ਉਹ ਇਸ ਬਸੰਤ ਵਿਚ ਖੁਸ਼ ਹੁੰਦੇ ਹਨ।

ਪਰਮਾਤਮਾ ਨੂੰ ਤਿਆਗ ਕੇ ਮੈਂ ਹੋਰ ਕਿਸ ਦੀ ਪੂਜਾ ਕਰਾਂ ? ਕਿਸੇ ਵੀ ਹੋਰ ਢੰਗ ਨਾਲ ਜੀਵਨ-ਜੁਗਤੀ ਪ੍ਰਾਪਤ ਨਹੀਂ ਹੁੰਦੀ ।"

ਅੱਜ ਦੇ ਬਸੰਤ ਵਿਚ ਪੂਰਬੀ ਠਾਟ ਦੇ ਸੁਰਾਂ ਦੇ ਨਾਲ ਕੁਝ ਲਲਿਤ ਅੰਗ ਦੇ ਕੇ, ਉਤਰਾਂਗ ਵਿਚ ਵਧੇਰੇ ਕਰਕੇ ਅਵਰੋਹੀ ਵਰਣ ਵਿਚ ਮੀਂਡ, ਗਮਕ ਆਦਿ ਨਾਲ ਨਾਲ ਸਜਾ ਕੇ ਰਾਗ ਦਾ ਸ਼ਿੰਗਾਰ ਹੁੰਦਾ ਹੈ। ਬਸੰਤ ਨਾਲ ਸੰਬੰਧਿਤ ਲੱਗਭਗ ਹਰ ਕਾਵਿ ਵਿਚ ਫੁੱਲ, ਵੇਲ, ਕੋਇਲ, ਅੰਬ ਸੁਗੰਧਿਤ ਹਵਾ ਦਾ ਵਰਣਨ ਹੁੰਦਾ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਇਸ ਰਾਗ ਦੁਆਰਾ ਪ੍ਰਸ਼ਨ ਕੀਤਾ ਹੈ ਕਿ ਮੈਨੂੰ ਪ੍ਰਭੂ ਕਿਵੇਂ ਮਿਲ ਸਕਦਾ ਹੈ। ਗੁਰੂ ਦੁਆਰਾ ਖੋਜ ਕਰਨ ਨਾਲ ਮਨ ਦੀ ਨਿਸ਼ਾ ਹੋ ਜਾਂਦੀ ਹੈ।

ਮੇਰੀ ਸਖੀ ਸਹੇਲੀ ਸੁਨਹੁ ਭਾਇ ॥
ਮੇਰਾ ਪਿਰੁ ਰੀਸਾਲੂ ਸੰਗਿ ਸਾਇ ॥
ਓਹੁ ਅਲਖੁ ਨ ਲਖੀਐ ਕਹਹੁ ਕਾਇ ॥
ਗੁਰਿ ਸੰਗਿ ਦਿਖਾਇਓ ਰਾਮ ਰਾਇ ॥
ਮਿਲੁ ਸਖੀ ਸਹੇਲੀ ਹਰਿ ਗੁਨ ਬਨੇ ॥
ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ
ਗੁਰਮੁਖਿ ਖੋਜਤ ਮਨ ਮਨੇ । (ਆਦਿ ਗ੍ਰੰਥ, ਪੰਨਾ 1170)

ਬਹਾਰ ਫਾਰਸੀ ਦਾ ਸ਼ਬਦ ਹੈ, ਜਿਸਦਾ ਸਮਾਨਾਰਥੀ ਬਸੰਤ ਹੀ ਹੈ। ਫਿਰ ਵੀ ਇਹ ਰਾਗ ਬਸੰਤ ਤੋਂ ਬਹੁਤ ਵੱਖਰਾ ਹੈ। ਇਹ ਕਾਫੀ ਠਾਟ ਦਾ ਰਾਗ ਹੈ। ਆਰੋਹੀ ਵਿਚ ਪੰਚਮ ਅਤੇ ਅਵਰੋਹੀ ਵਿਚ ਧੈਵਤ ਅਤੇ ਗੰਧਾਰ ਨੂੰ ਗੌਣ ਅਤੇ ਕਮਜ਼ੋਰ ਰੱਖ ਕੇ ਗਾਇਆ ਜਾਂਦਾ ਹੈ। ਇਸਦਾ ਵੀ ਸ਼ਿੰਗਾਰ ਵਧੇਰੇ ਕਰਕੇ ਉਤਰਾਂਗ ਵਿਚ ਹੁੰਦਾ ਹੈ। ਬਹਾਰ ਦੇ ਗੀਤਾਂ ਵਿਚ ਵੀ ਕੁਦਰਤ ਦੀ ਸ਼ੋਭਾ ਦਾ ਵਰਣਨ ਹੁੰਦਾ ਹੈ। ਰੁੱਖ, ਵੇਲ, ਫੁੱਲ, ਅੰਬ ਆਦਿ ਦੀ ਸ਼ੋਭਾ ਦੀ ਪ੍ਰਸ਼ੰਸਾ ਹੁੰਦੀ ਹੈ।

ਹਿੰਡੋਲ ਨੂੰ ਹਿੰਦੋਲ ਜਾਂ ਹਿੰਡੋਲ ਵੀ ਕਿਹਾ ਗਿਆ ਹੈ। ਇਹ ਇਕ ਅਜਿਹਾ ਰਾਗ ਹੈ, ਜਿਸਦੀ ਗਿਣਤੀ ਛੇ ਮੁੱਖ ਰਾਗਾਂ ਵਿਚ ਕੀਤੀ ਜਾਂਦੀ ਹੈ। ਇਹ ਕਲਿਆਣ ਠਾਟ ਦਾ ਔੜਵ ਰਾਗ ਹੈ, ਰਿਸ਼ਬ ਅਤੇ ਪੰਚਮ ਵਰਜਿਤ ਹਨ। ਧੈਵਤ ਵਾਦੀ ਅਤੇ ਗਾਂਧਾਰ ਸੰਵਾਦੀ ਹੈ। ਸ਼ੜਜ ਗਾਂਧਾਰ ਧੈਵਤ ਅਤੇ ਨਿਸ਼ਾਦ ਸ਼ੁੱਧ ਅਤੇ ਮੱਧਮ ਤੀਬਰ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ।

ਆਰੋਹੀ : ਸ ਗ ਮੇ ਧ ਨ ਸ
ਅਵਰੋਹੀ : ਸ ਨ ਧ ਮੇ ਗ ਸ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਡੋਲ ਰਾਗ ਵੱਖਰਾ ਨਹੀਂ ਸਗੋਂ ਬਸੰਤ ਨਾਲ ਮਿਲਾ ਕੇ ਲਿਖਿਆ ਗਿਆ ਹੈ ਜਿਵੇਂ :

ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥
ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥
(ਆ. ਗ੍ਰੰ., ਬਸੰਤ ਹਿੰਡੋਲ ਮਹਲਾ ੧, ਪੰਨਾ 1171)

ਪਰਜ ਵੀ ਬਸੰਤ ਵਾਂਗ ਪੂਰਬੀ ਠਾਟ ਤੋਂ ਉਤਪੰਨ ਹੋਣ ਵਾਲਾ ਉਤਰਾਂਗ ਪ੍ਰਬਲ ਰਾਗ ਹੈ। ਇਸ ਵਿਚ ਰਿਸ਼ਬ ਅਤੇ ਧੈਵਤ ਕੋਮਲ ਅਤੇ ਮਧਮ ਤੀਬਰ ਲਗਦਾ

ਹੈ, ਬਾਕੀ ਸੁਰ ਸ਼ੁੱਧ ਹਨ। ਵਾਦੀ ਸ਼ੜਜ ਅਤੇ ਸੰਵਾਦੀ ਪੰਚਮ ਹੈ। ਇਸਦੇ ਗਾਇਨ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਰਾਤ ਦਾ ਦੂਜਾ ਪਹਿਰ ਵੀ ਇਸਦੇ ਗਾਇਨ ਦਾ ਵੇਲਾ ਹੈ।

ਮਧਵਾ ਪਿਏ ਕਰੇ ਰੰਗ ਰਲੀਆਂ
ਪਕਰ ਬੈਯਾਂ ਪਰਤ ਪੈਯਾਂ ਬਲ ਜੈਯਾਂ
ਸਨਦ ਪੀਆ ਤੋਰੀ ਫੁਲਵਾਰੀ ਚਟਕ ਰਹੀ ਕਲੀਆਂ।

ਸੋਹਿਨੀ ਮਾਰਵਾ ਠਾਟ ਦਾ ਇਕ ਸ਼ਾੜਵ ਅਰਥਾਤ 6 ਸੁਰਾਂ ਦਾ ਇਕ ਰਾਗ ਹੈ ਜਿਸ ਵਿਚ ਪੰਚਮ ਵਰਜਿਤ ਹੈ। ਉਤਰਾਂਗ ਪ੍ਰਬਲ ਰਾਗ ਇਹ ਵੀ ਹੈ। ਇਸ ਵਿਚ ਆਨੰਦ-ਉਤਸਵ ਦੇ ਗੀਤ ਹਨ। ਜਿਵੇਂ :

ਤੂ ਹੀ ਗਰਵਾ ਲਾ, ਆਈ ਬਸੰਤ ਬਹਾਰ।
ਭਈ ਹੈ ਸਗਰੋ ਫੂਲ ਉਧਰੋ ਡਾਰੇ ਪਾਤ ਗਹੇ।
ਨਰਗਿਸ, ਗੁਲਾਬ, ਸੇਵਤੀ ਗੁਲਖੇਰੂ
ਗੁਲ ਲਾਲ ਗੇਂਦਾ ਬਹਾਰ ਮੋਰ ਅਚਪਲ ਬਜਾਏ ਗਾਏ।

ਲਲਿਤ ਪ੍ਰਭਾਤ ਵੇਲੇ ਦਾ ਰਾਗ ਹੈ। ਇਹ ਭੈਰਵ ਠਾਟ ਦਾ ਇਕ ਸ਼ਾੜਵ ਰਾਗ ਹੈ। ਇਸ ਵਿਚ ਪੰਚਮ ਵਰਜਿਤ ਹੈ। ਮੱਧਮ ਅਤੇ ਧੈਵਤ ਦੀ ਸੰਗਤ ਰਹਿੰਦੀ ਹੈ। ਮੱਧਮ ਵਾਦੀ ਅਤੇ ਸ਼ੜਜ ਗਾਂਧਾਰ ਨਿਸ਼ਾਦ ਸ਼ੁੱਧ, ਰਿਸ਼ਭ ਧੈਵਤ ਕੋਮਲ ਅਤੇ ਮੱਧਰ ਤੀਬਰ ਹੈ।

ਆਰੋਹੀ : ਨ ਰੁ ਗ ਮ ਮੇ ਮ ਗ ਧਾ ਮੰ ਸ

ਅਵਰੋਹੀ : ਸੰ ਨ ਧਾ ਮੇ ਧਾ ਮ ਮ ਮ ਗ ਰ ਸ਼

ਆਦਿ ਗ੍ਰੰਥ ਵਿਚ ਲਲਿਤ ਨੂੰ ਸੂਹੀ ਰਾਗ ਨਾਲ ਮਿਲਾ ਕੇ ਲਿਖਿਆ ਗਿਆ ਹੈ।

ਇਸ ਪ੍ਰਕਾਰ ਕਈ ਗੀਤ/ਸ਼ਬਦ ਬਸੰਤ ਰੁੱਤ ਦੀ ਪ੍ਰਸ਼ੰਸਾ ਵਿਚ ਸਾਡੇ ਗਾਇਕ ਗਾਉਂਦੇ ਹਨ। ਫੁੱਲਾਂ ਦੀ ਖੁਸ਼ਬੋ, ਠੰਡੀ ਹਵਾ, ਕੋਇਲ ਦੀ ਕੂਕ, ਰੁੱਖਾਂ, ਵੇਲਾਂ ਦੇ ਕੋਮਲ ਹਾਵ-ਭਾਵ, ਪ੍ਰਕਿਰਤੀ ਦਾ ਸੁਹਾਗ ਆਦਿ ਦਾ ਅਨੁਭਵ ਆਪਣੇ ਗਾਇਨ-ਵਾਦਨ ਦੁਆਰਾ ਸਰੋਤਿਆਂ ਨੂੰ ਕਰਵਾ ਦੇਣ ਵਾਲਾ ਗਾਇਕ-ਵਾਦਕ ਖੁਦ ਆਪਣੇ ਆਪ ਵਿਚ ਇਕ ਬਸੰਤ ਹੀ ਹੈ।

5156, ਅਰਬਨ ਅਸਟੇਟ-II ਪਟਿਆਲਾ-147002

# ਆਸਾ ਦੀ ਵਾਰ ਦਾ ਲੜੀ ਵਾਰ ਵੀਚਾਰ

– ਪ੍ਰੇਮ ਸਿੰਘ 'ਪ੍ਰੇਮ'

ਲੜੀ ਵਾਰ (੨) ਆਸਾ ਦੀ ਵਾਰ ਦੀ ਦੂਜੀ ਪਉੜੀ ਤੋਂ ਪਹਿਲਾਂ ਦਿਤਾ ਸਲੋਕ

ਮੂਲ : ਸਲੋਕ ਮਹਲਾ ੧ ॥ ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥
ਸਚਾ ਤੇਰਾ ਅਮਰੁ ਸਚਾ ਦੀ ਬਾਣੁ ॥
ਸਚਾ ਤੇਰਾ ਕਰਮ ਸਚਾ ਫੁਰਮਾਣੁ ॥
ਸਚਾ ਤੇਰਾ ਕਰਮੁ ਸਚਾ ਨੀ ਸਾਣੁ ॥
ਸਚੇ ਤੁਧੁ ਆਖਹਿ ਲਖ ਕਰੋੜਿ ॥
ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥
ਸਚੀ ਤੇਰੀ ਸਿਫਤਿ ਸਚੀ ਸਲਾਹ ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹੁ ॥
ਨਾਨਕ ਸਚੁ ਧਿਆਇਨਿ ਸਚੁ ॥
ਜੋ ਮਰਿ ਜੰਮੇ ਸੁ ਕਚੁ ਨਿਕਚੁ ॥ ੧ ॥

ਅਰਥ : ਇਹ ਸਲੋਕ ਸਾਹਿਬ ਗੁਰੂ ਨਾਨਕ ਪਾਤਸ਼ਾਹ ਨੇ ਪਉੜੀ ਤੋਂ ਪਹਿਲਾਂ ਇਕ ਤਾਂ ਆਏ ਭਾਵ ਨੂੰ ਸਪਸ਼ਟ ਕਰਨ ਲਈ ਇਕ ਪ੍ਰਮਾਣ ਦੇ ਤੌਰ ਤੇ ਦਿਤਾ ਹੈ ਕਿ ਕੁਦਰਤ ਕਾਦਰ ਤੋਂ ਵਖ ਹੁੰਦਿਆ ਵੀ ਸੁਤੰਤਰ ਦੂਜੀ ਨਹੀਂ ਹੈ ਕਿਉਂਕਿ ਉਸ ਸਚੇ ਦੇ ਸਚ ਵਿਚ ਨਿਯਮ-ਬੰਧ ਹੈ ਤੇ ਓਸੇ ਸਚੇ ਦੇ ਆਸਰੇ ਕਾਇਮ ਹੈ। ਜਿਵੇਂ ਜਪੁ ਜੀ ਸਾਹਿਬ ਵਿਚ-ਪੰਜ ਖੰਡ-'ਧਰਮ ਖੰਡ'-, ਗਿਆਨੁ ਖੰਡ' ਸਰਮ ਖੰਡ' ਕਰਮ ਖੰਡ ਤੇ ਸੱਚ ਖੰਡ ਜੀਵਨ ਦੀਆਂ ਸਟੇਜਾਂ ਦਿਤੀਆਂ ਹਨ ਸੋ ਇਹ ਬ੍ਰਹਮੰਡ ਵੀ 'ਧਰਮ-ਖੰਡ ਜਿਨ੍ਹੀ ਨਿਯਮ ਦਾ ਬਝਾ ਚਲ ਰਿਹਾ ਹੈ। ਸੋ ਇਹ ਸ੍ਰਿਸਟੀ ਦੇ ਖੰਡ ਤੇਰੇ ਰਚੇ ਹੋਣ ਕਰਕੇ ਸਚੇ ਹਨ ਤੇ ਇਨ੍ਹਾਂ ਦੀ ਬੀਚਾਰ ਵੀ ਸਚੇ-ਨਾਮ ਨਾਲ ਜੁੜ ਕੇ ਸੱਚੀ ਹੋ ਅਮਰ-ਨਿਰੰਤਰ ਵਰਤ ਰਹੀ ਹੈ। ਤੇਰਾ ਦਰਬਾਰ ਵੀ ਸੱਚਾ ਹੈ ਕਿਉਂ ਜੋ ਉਹ ਨਿਯਮ ਬਝਾ ਸਭ ਚਲਾ ਰਿਹਾ ਹੈ, ਇਸ ਲਈ ਤੇਰੀ ਬਖਸਸ਼ ਦਾ ਪਾਤਰ ਹੋ ਸੱਚ ਸਰੂਪ ਵਿਚ ਵਰਤ ਰਿਹਾ ਹੈ। ਭਾਵ ਜੀਵਾਂ ਤੇ ਤੇਰੀ ਮਿਹਰ-ਬਖਸਸ਼ ਦਾ ਨਿਸਾਨ (ਮਾਰਕਾ) ਸੱਚ ਦਾ ਹੀ ਪਿਆ ਹੈ। ਸੋ ਇਸੇ ਲਈ ਨਾਨਕ ਪਾਤਸ਼ਾਹ ਇਸ ਗੱਲ ਤੇ ਜ਼ੋਰ ਦੇ ਰਿਹੇ ਹਨ ਕਿ ਉਸ ਕਾਦਰ ਦਾ ਧਿਆਨ ਹੀ ਉਸ ਨਾਲ ਮੇਲ ਸਕਦਾ ਹੈ ਬਾਕੀ ਜੋ ਉਸ ਦਾ ਕੀਤਾ ਹੋਇਆ ਹੈ ਉਸਦੀ ਪੂਜਾ-ਅਰਾਧਨਾ ਮਰਨ ਜਨਮ ਦੇ ਵਿਚ ਪਾਈ ਰਖਦੀ ਹੈ। ਭਾਵ :

ਪੂਜਾ ਅਕਾਲ ਦੀ ਪ੍ਰਚਾ ਸ਼ਬਦ ਦਾ ਹਲ ਕਰਕੇ ਜਨਮ-ਮਰਨ ਦਾ ਗੇੜ ਸਮਾਪਤ ਹੋ ਸਕਦਾ ਹੈ। ਜੀਓ।

ਮ: ੧ ॥ ਵਡੀ ਵਡਿਆਈ ਜਾ ਵਡਾ ਨਾਉ ॥
ਵਡੀ ਵਡਿਆਈ ਜਾ ਸਚੁ ਨਿਆਉ ॥
ਵਡੀ ਵਡਿਆਈ ਜਾ ਨਿਹਚਲ ਥਾਉ ॥
ਵਡੀ ਵਡਿਆਈ ਜਾਣੈ ਆਲਾਉ ॥
ਵਡੀ ਵਡਿਆਈ ਬੁਝੈ ਸਭਿ ਭਾਉ ॥
ਵਡੀ ਵਡਿਆਈ ਜਾ ਪੁਛਿ ਨ ਦਾਤਿ ॥
ਵਡਿ ਵਡਿਆਈ ਜਾ ਆਪੇ ਆਪਿ ॥
ਨਾਨਕ ਕਾਰ ਨ ਕਥਨੀ ਜਾਇ ॥
ਕੀਤਾ ਕਰਨਾ ਸਰਬ ਰਜਾਇ ॥

ਅਰਥ : ਪਿਛਲੇ ਸਲੋਕ ਵਿਚ ਵਾਹਿਗੁਰੂ ਜੀ ਨੂੰ ਸਚਾ ਪਾਤਸ਼ਾਹ ਕਿਹਾ ਹੈ, ਇਸ ਸਲੋਕ ਵਿਚ ਪਰੋੜਤਾ ਲਈ ਸਚੇ ਪਾਤਸ਼ਾਹ ਦੇ ਨਾਮ, ਗੁਣ, ਜਾਤ ਤੇ ਕਰਮ ਨੂੰ ਵਿਸ਼ੇਸ਼ ਤੌਰ ਤੇ ਵਰਨਣ ਕੀਤਾ ਗਿਆ ਹੈ ਕਿ ਉਸ ਸਚੇ ਪਾਤਸ਼ਾਹ ਅਕਾਲ ਪੁਰਖ ਦੀਆਂ ਇਹ ਚਾਰੇ ਚੀਜ਼ਾਂ ਸੰਪੂਰਨ ਹਨ ।

ਯਥਾ : "ਹਰਿ ਕਾ ਏਕ ਅਚੰਭਾ ਦੇਖਿਓ ਜੋ ਕਰੇ ਸੋ ਧਰਮੁ ਨਿਆਇ ॥
(ਮ: ੫)

ਸੋ ਉਸ ਰਗਨ ਹਾਰ ਦੀ ਵਡਿਆਈ ਵੱਡੀ ਦੇ ਕਾਰਨ ਹੀ ਉਸ ਦਾ ਨਾਮ ਵਡਾ ਹੈ :

ਜਥਾ ; 'ਨਾਮ ਤੁਲਿ ਕਛੁ ਅਵਰੁ ਨ ਹੋਇ (ਗਉੜੀ ਸੁਖਮਨੀ)

ਨਾਮ ਵਡਾ ਇਸ ਲਈ ਹੈ ਕਿ ਉਹ ਜੀਵਾਂ ਨੂੰ ਸਾਈਂ ਨਾਲ ਹੀ ਮੇਲ ਦਿੰਦਾ ਹੈ । ਉਸ ਦੀ ਵਡਿਆਈ ਵਡੀ ਦਾ ਕਾਰਨ ਉਸ ਦਾ ਆਸਨ ਅਟਲ ਅਛੇਦ ਹੈ

ਜਥਾ : 'ਨਿਹਚਲ ਮਹਲੁ ਨਹੀਂ ਛਾਇਆ ਮਾਇਆ । (ਗਉੜੀ ਮ: ੧)

ਉਸ ਦੀ ਵਡਿਆਈ ਵਡੀ ਹੈ ਕਿ ਉਹ ਸਭ ਦੇ ਅੰਦਰ ਦੇ ਬੋਲਾਂ ਨੂੰ ਜਾਣਦਾ ਹੈ :

ਜਥਾ : "ਅੰਤਰਜਾਮੀ ਸਭ ਬਿਧਿ ਜਾਣੈ ਕਿਸ ਪੈ ਆਖ ਸੁਣਾਈਐ)

ਸਲੋਕ ਦੇ ਅਖੀਰਲੇ ਪੜਾਵ ਤੇ ਉਸ ਅਕਾਲ ਪੁਰਖ ਦੀ ਬਖਸ਼ਸ਼ ਦੇ ਪੱਖ ਤੋਂ ਵਡਿਆਈ ਦਸਦੇ ਹਨ) ਜਦ ਉਸ ਨੇ ਬਖਸ਼ਸ਼ ਕਰਨੀ ਹੈ ਤੇ ਉਹ ਦੱਸ ਕੇ ਨਹੀਂ ਕਰਦਾ । ਨਾ ਹੀ ਕਿਸੇ ਸਫਾਰਸ਼ ਤੇ ਕਰਦਾ ਹੈ । ਹੇ ਨਾਨਕ ਉਸ ਵਡੇ ਦੀ ਕਾਰ ਦਾ ਵਰਨਣ ਪੂਰਾ ਹੋ ਹੀ ਨਹੀਂ ਸਕਦਾ ।

ਯਥਾ : ਆਪੇ ਆਪ ਨਿਰੰਜਨੁ ਸੋਇ ॥ (ਜਪੁ ਜੀ ਸਾਹਿਬ)

(ਚਲਦਾ)

# ਸੰਗੀਤ ਦੀ ਮਹਿਮਾ

## ਅਲਾਪਤ ਸਭ ਤਿਖ ਜਾਇ
(ਗੁਰੂ ਅਰਜਨ ਦੇਵ)

ਵੱਲੋਂ ਪ੍ਰੋ: ਹਰੀ ਸਿੰਘ ਜੀ ਐਮ. ਏ

ਸਿਖ ਧਰਮ ਵਿਚ ਰਾਗ ਵਿੱਦਿਆ ਤੇ ਕੀਰਤਨ ਨੂੰ ਬੜੀ ਭਾਰੀ ਮਹਾਨਤਾ ਤੇ ਵਿਸ਼ੇਸ਼ਤਾ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਮਹਾਰਾਜ ਗੁਰੂ ਅਰਜਨ ਦੇਵ ਜੀ ਨੇ ਰਾਗਾਂ ਵਿਚ ਕ੍ਰਮ ਬੱਧ ਕਰਕੇ ਰੱਖੀ ਹੈ। ਗੁਰੂ ਨਾਨਕ ਦੇਵ ਜੀ ਨੇ ਸੰਗੀਤ ਪਿਆਰ ਕਰਕੇ ਹੀ ਭਾਈ ਮਰਦਾਨੇ ਨੂੰ ਆਪਣਾ ਜੀਵਨ ਸਾਥੀ ਬਣਾਇਆ ਸੀ। ਪਹਿਲੀ ਵਾਰੀ ਭਾਈ ਫਿਰੰਦੇ ਰਬਾਬੀ ਨੇ ਜਦ ਇਕ ਖਾਸ ਅਲੌਕਿਕ ਰਬਾਬ ਲਿਆ ਕੇ ਮਹਾਰਾਜ ਦੀ ਭੇਟਾ ਕੀਤਾ ਤੇ ਭਾਈ ਮਰਦਾਨੇ ਨੇ ਇਸ ਨੂੰ ਵਜਾਇਆ ਤਾਂ ਜਨਮ ਸਾਖੀ ਵਿਚ ਜ਼ਿਕਰ ਹੈ ਕਿ ਇਸਦੀ ਮਧੁਰ ਧੁਨੀ ਤੇ ਸੰਗੀਤ ਦਾ ਠਾਠ ਸੁਣਕੇ ਮਹਾਰਾਜ ਦੀ ਬੜੀ ਡੂੰਘੀ ਸਮਾਧੀ ਲਗ ਗਈ, ਜੋ ਕਈ ਘੰਟਿਆਂ ਤਕ ਜਾਰੀ ਰਹੀ। ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਨੇ ਰਬਾਬ ਦੀ ਮਧੁਰਤਾ ਤੇ ਰਸ ਨਾਲ ਜੋ ਸਮਾਂ ਅਤੇ ਵਾਯੂ ਮੰਡਲ ਉਸ ਵੇਲੇ ਬਣ ਗਿਆ ਸੀ ਉਸਨੂੰ ਕਾਵਿ ਮਈ ਅੰਦਾਜ਼ ਨਾਲ ਇਸ ਤਰ੍ਹਾਂ ਵਰਨਣ ਕੀਤਾ ਹੈ ਇਸ ਸੰਗੀਤਕ ਧੁਨਿ ਦੀ ਛਬਿ ਨੂੰ ਸੁਣਨ ਲਈ "ਜੜ੍ਹ ਚੀਜ਼ਾਂ ਚੇਤਨ ਤੇ ਚੇਤਨ ਜੜ੍ਹ ਹੋ ਗਈਆਂ।" ਚੇਤਨ ਚੀਜ਼ਾਂ ਦੇ ਜੜ੍ਹ ਹੋਣ ਤੋਂ ਆਪਦਾ ਮਤਲਬ ਹੈ ਕਿ ਜੰਗਲ ਦੇ ਪਸ਼ੂ ਪੰਛੀ ਆਦਿਕ ਜਾਨਵਰ ਜਿੱਥੇ ੨ ਬੈਠੇ ਜਾਂ ਤੁਰ ਫਿਰ ਰਹੇ ਸਨ ਉਹ ਉੱਥੇ ਹੀ ਬੁੱਤ ਹੋ ਕੇ ਖਲੋ ਗਏ ਤੇ ਰਾਗ ਦੀ ਮਸਤੀ ਵਿਚ ਆਪਣਾ ਆਪ ਭੁੱਲ ਗਏ। ਮਸਤੀ ਤੇ ਵਜਦ ਦੀ ਹਾਲਤ ਵਿਚ ਆਕੇ ਬ੍ਰਿਛਾਂ ਬੂਟਿਆਂ ਵਿਚੋਂ ਰਸ ਚੋਣਾ ਸ਼ੁਰੂ ਹੋ ਗਿਆ, ਹੋਰ ਤੇ ਹੋਰ ਚਲਦੀ ਹੋਈ ਹਵਾ ਵੀ ਸੰਗੀਤ ਰਸ ਮਾਨਣ ਲਈ ਕੁਝ ਚਿਰ ਲਈ ਬਿਲਕੁਲ ਸਾਕਨ ਹੋ ਗਈ" ਆਦਿ।

ਗੁਰੂ ਅਰਜਨ ਦੇਵ ਜੀ ਨੇ ਇਕ ਸ਼ਬਦ ਵਿਚ ਫੁਰਮਾਇਆ ਹੈ ;—

"ਸੋ ਅਸਥਾਨੁ ਬਤਾਵਹੁ ਮੀਤਾ ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥"

ਤੇ ਆਪ ਨੇ ਖੁਦ ਦਰਬਾਰ ਸਾਹਿਬ ਜੈਸਾ ਅਨੁਪਮ ਕੀਰਤਨ ਅਸਥਾਨ ਕਾਇਮ ਕੀਤਾ ਤੇ ਇਸ ਦੇ ਅੰਦਰ ਲਗਾਤਾਰ ਰਾਗ ਨਾਦ ਤੇ ਸਰੋਦ ਦੀ ਸਹਾਇਤਾ ਨਾਲ ਨਿਰੋਲ ਕੀਰਤਨ ਹੁੰਦੇ ਰਹਿਣ ਦੀ ਅਤਿ ਪਾਵਨ ਤੇ ਰਸਦਾਇਕ ਮਰਯਾਦਾ ਕਾਇਮ ਕੀਤੀ ਹੈ। ਆਪ ਖੁਦ ਸਰੰਦਾ ਜਾਂ ਤੰਬੂਰਾ ਲੈ ਕੇ ਕੀਰਤਨ ਕੀਤਾ ਕਰਦੇ ਸਨ। ਗੋਇੰਦਵਾਲ ਸਾਹਿਬ ਅੰਦਰ ਮੋਹਨ ਜੀ ਦੇ ਚੁਬਾਰੇ ਹੇਠ ਬੈਠ ਕੇ, ਤੰਬੂਰੇ ਨਾਲ ਕੀਰਤਨ ਕਰਦਿਆਂ ਆਪ ਮੋਹਨ ਜੀ ਦੀ ਡੂੰਘੀ ਸਮਾਧੀ ਖੋਲ੍ਹਣ ਵਿਚ ਕਾਮਯਾਬ ਹੋਏ ਸਨ ਇਹ ਜ਼ਿਕਰ ਸਿਖ ਇਤਿਹਾਸ ਵਿਚ ਆਉਂਦਾ ਹੈ। ਰਾਗ ਤੇ ਸੰਗੀਤ ਵਿੱਦਿਆ ਆਪ ਨੂੰ ਕਿਤਨੀ ਪਿਆਰੀ

ਸੀ, ਇਸ ਦਾ ਅੰਦਾਜ਼ਾ ਆਪ ਦੇ ਇਸ ਇਕ ਬਚਨ ਤੋਂ ਲਗਾਇਆ ਜਾ ਸਕਦਾ ਹੈ। ਆਪ ਫੁਰਮਾਉਂਦੇ ਹਨ :—

"ਧੰਨ ਸੁ ਰਾਗ ਸੁਰੰਗੜੇ
ਆਲਾਪਤ ਸਭ ਤਿਖ ਜਾਇ ॥"

ਕਿ ਧੰਨ ਹਨ ਇਹ ਸੁਹਾਵਣੇ ਤੇ ਰੰਗੀਲੇ ਰਾਗ ਜਿਹਨਾਂ ਦਾ ਅਲਾਪ ਕਰਨ ਨਾਲ ਦਿਲ ਦੀਆਂ ਸਾਰੀਆਂ ਪਿਆਸਾਂ ਬੁਝ ਜਾਂਦੀਆਂ ਤੇ ਤਬੀਅਤ ਆਪਣੇ ਆਪ ਅਡੋਲ ਹੋ ਜਾਂਦੀ ਹੈ।

ਸੰਗੀਤ ਦੀ ਮਹਿਮਾਂ ਵਿਚ ਹੀ ਕੁਝ ਹੋਰ ਕੀਮਤੀ ਹਵਾਲੇ ਹੇਠਾਂ ਦਰਜ ਕੀਤੇ ਜਾਂਦੇ ਹਨ। ਆਸ਼ਾ ਹੈ ਰਸਿਕ ਜਗਯਾਸੂ ਸੁਰਤਾਂ ਇਨ੍ਹਾਂ ਤੋਂ ਕਾਫੀ ਅਨੰਦ ਤੇ ਲਾਭ ਪ੍ਰਾਪਤ ਕਰ ਸਕਣਗੀਆਂ।

(੧) ਰੂਪ ਰੰਗ ਵਿਚ ਸੰਗੀਤ ਕਵਿਤਾ ਨਾਲ ਮੇਲ ਖਾਂਦਾ ਹੈ। ਇਹਨਾਂ ਵਿਚੋਂ ਹਰੇਕ ਅੰਦਰ ਐਸੀਆਂ ਛਬੀਆਂ ਪਾਈਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਕੋਈ ਵੀ ਹੋਰ ਸਾਧਨ ਜਾਂ ਵਸੀਲਾ ਸਿਖ ਪੜ੍ਹਾ ਕੇ ਕੁਝ ਦਸ ਨਹੀਂ ਸਕਦਾ ਪਰ ਕੇਵਲ ਉਸਤਾਦ ਹੱਥ ਦੀ ਹੀ ਉਸ ਛਬੀ ਤਕ ਰਸਾਈ ਹੋ ਸਕਦੀ ਏ। (ਪੋਪ)

(੨) ਇਸ ਦੀ ਵਿਆਖਿਆ ਅਸੀਂ ਕਿਵੇਂ ਹੀ ਪਏ ਕਰੀਏ ਪਰ ਇਹ ਇਕ ਅਸਲੀਅਤ ਹੈ ਕਿ ਦਲੀਲ ਤੇ ਲਫਜ਼ੀ ਪ੍ਰੇਰਨਾ ਦੀ ਨਿਸਬਤ ਜੰਗੀ ਰਾਗ ਤੇ ਸੁਰ ਦੀ ਸਹਾਇਤਾ ਨਾਲ ਕਿਸੇ ਆਦਮੀ ਨੂੰ ਜੰਗ ਦੀ ਸਭ ਤੋਂ ਮੂਹਰਲੀ ਕਤਾਰ ਵਿਚ ਜ਼ਿਆਦਾ ਆਸਾਨੀ ਨਾਲ ਭੇਜਿਆ ਜਾ ਸਕਦਾ ਹੈ ਤੇ ਜੋ ਭਗਤੀ ਭਾਵ ਮਨੁੱਖੀ ਹਿਰਦੇ ਵਿਚ ਕਿਸੇ ਕੋਮਲ ਸੰਗੀਤਮਈ ਸ਼ਬਦ ਜਾਂ ਭਜਨ ਦੁਆਰਾ ਪੈਦਾ ਕੀਤਾ ਜਾ ਸਕਦਾ ਹੈ—ਉਹ ਦਲੀਲ ਤੇ ਮੰਤਕ ਭਰਪੂਰ ਲੈਕਚਰ ਜਾਂ ਵਖਿਆਨ ਨਾਲ ਨਹੀਂ। (ਟਕਰਮੈਨ)

(੩) ਸੰਗੀਤ ਨਾਲ ਉਣਸ ਤੇ ਮਸ ਰੱਖਣ ਵਾਲੇ ਸਾਰੇ ਆਦਮੀ ਅਨੰਦ ਪ੍ਰਸੰਨ ਪ੍ਰਤੀਤ ਹੁੰਦੇ ਹਨ। ਉਹਨਾਂ ਲਈ ਬਿਲਕੁਲ ਮਾਹਵ ਕਰ ਦੇਣ ਵਾਲੀ ਇਕ ਲਗਨ ਹੁੰਦੀ ਏ। ਸੰਗੀਤਕ ਰਸ ਹੀ ਇਕੋ ਇਕ ਐਸਾ ਰਸ ਤੇ ਸੁਆਦ ਏ ਜਿਸ ਦੇ ਰੂਪ ਵਿਚ ਕਦੀ ਕੋਈ ਦੁਖਦਾਈ ਅੰਜਾਮ ਨਹੀਂ ਹੁੰਦਾ।

(ਸਿਡਨੀ-ਸਮਿਥ)

(੪) ਉਚੇਰੇ ਤੋਂ ਉਚੇਰੇ ਸਦਾਚਾਰਕ ਤੇ ਆਤਮਕ ਭਾਵਾਂ ਨੂੰ ਪ੍ਰਗਟਾਉਣ ਵਿਚ ਚਿਤਰਕਾਰੀ ਜਿੱਥੇ ਸਭ ਤੋਂ ਬਲਹੀਨ ਸਾਬਤ ਹੁੰਦੀ ਹੋਵੇ, ਉੱਥੇ ਸੰਗੀਤ ਕਮਾਲ ਹੱਦ ਤਕ ਬਲਵਾਨ ਸਾਬਤ ਹੁੰਦਾ ਹੈ।

(ਸ੍ਰੀਮਤੀ ਸਟੋਵ)

(੫) ਸਹੀ ਅਰਥਾਂ ਵਿਚ ਕਹੇ ਜਾ ਸਕਣ ਵਾਲੇ ਸੰਗੀਤ ਨੂੰ ਨਵੀਨਤਾ ਦੀ ਕੋਈ ਖ਼ਾਸ ਲੋੜ ਨਹੀਂ ਹੁੰਦੀ, ਇਹ ਜਿਤਨਾ ਪੁਰਾਣਾ ਤੇ ਸਾਡੀ ਸੁਰਤ ਜਿਤਨੀ ਵਧੀਕ ਇਸ

(ਬਾਕੀ ਸਫ਼ਾ 34)

# ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ

— ਡਾ. ਜਾਗੀਰ ਸਿੰਘ

ਗੁਰੂ ਕਾਵਿ ਵਿਚ ਕਵਿਤਾ ਅਤੇ ਸੰਗੀਤ ਦਾ ਸੁਮੇਲ ਕੋਈ ਸੰਜੋਗੀ ਤੇ ਅਨੋਖੀ ਘਟਨਾ ਨਹੀਂ, ਸਗੋਂ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਕਵਿਤਾ ਤੇ ਸੰਗੀਤ ਇੱਕ ਦੂਜੇ ਨਾਲ ਸੰਬੰਧਤ ਰਹੇ ਹਨ ਤੇ ਗੁਰੂ ਸਾਹਿਬਾਨ ਨੇ ਸੁਚੇਤ ਤੌਰ ਤੇ ਸੰਗੀਤ ਨੂੰ ਕਵਿਤਾ ਦਾ ਮਾਧਿਅਮ ਬਣਾਇਆ ਹੈ। ਅਸੀਂ ਇਸ ਅਧਿਆਇ ਵਿੱਚ ਪੂਰਬ ਗੁਰੂ ਕਾਲ ਦੀ ਭਾਰਤੀ ਕਾਵਿ ਅਤੇ ਸੰਗੀਤ ਪਰੰਪਰਾ ਦਾ ਅਧਿਐਨ ਕਰਾਂਗੇ। ਇਹ ਅਧਿਐਨ ਦੋ ਕਾਰਨਾਂ ਕਰਕੇ ਜ਼ਰੂਰੀ ਹੈ— ਇੱਕ ਤਾਂ ਇਹ ਸਿੱਧ ਕਰਨ ਲਈ ਕਿ ਗੁਰਬਾਣੀ ਦੀ ਰਚਨਾ ਇਸ ਕਾਵਿ-ਸੰਗੀਤਕ ਪਰੰਪਰਾ ਨੂੰ ਅੱਗੇ ਤੋਰਦੀ ਹੈ ਤੇ ਦੂਜਾ ਇਹ ਦੇਖਣ ਲਈ ਕਿ ਭਾਰਤੀ ਕਾਵਿ-ਸੰਗੀਤ ਦੀ ਪਰੰਪਰਾ ਨਾਲ ਸੰਬੰਧਤ ਹੋ ਕੇ ਵੀ ਗੁਰੂ ਸਾਹਿਬਾਨ ਨੇ ਕਵਿਤਾ ਅਤੇ ਸੰਗੀਤ ਨੂੰ ਵਿਲੱਖਣ ਢੰਗ ਨਾਲ ਅੰਤਰ ਸੰਬੰਧਤ ਕੀਤਾ ਹੈ। ਇਸ ਪਰੰਪਰਾ ਦਾ ਅਧਿਐਨ ਇਸ ਅਧਿਆਏ ਨੂੰ ਹੇਠ ਲਿਖੇ ਅਨੁਸਾਰ ਵੰਡ ਕੇ ਕੀਤਾ ਜਾ ਸਕਦਾ ਹੈ :

(ੳ) ਕਾਵਿ ਪਰੰਪਰਾ

(ਅ) ਰਾਗ ਪਰੰਪਰਾ

(ੳ) ਕਾਵਿ ਪਰੰਪਰਾ :—ਪੂਰਬ ਗੁਰੂ ਕਾਲ ਦੀ ਭਾਰਤੀ ਕਾਵਿ ਪਰੰਪਰਾ ਦਾ ਵਰਣਨ ਛੇ ਭਾਗਾਂ ਵਿੱਚ ਵੰਡ ਕੇ ਕੀਤਾ ਗਿਆ ਹੈ :

1) ਵੈਦਿਕ ਕਾਵਿ
2) ਮਹਾਂਕਾਵਿ ਤੇ ਪੌਰਾਣਿਕ ਕਾਵਿ
3) ਬੁੱਧ ਅਤੇ ਜੈਨ ਕਾਵਿ
4) ਸਿੱਧ ਅਤੇ ਨਾਥ ਬਾਣੀ
5) ਵੈਸ਼ਣਵ ਅਤੇ ਭਗਤ ਕਾਵਿ
6) ਲੋਕ-ਕਾਵਿ

(1) ਵੈਦਿਕ ਕਾਵਿ :— ਭਾਰਤੀ ਕਾਵਿ ਦਰਸ਼ਨ, ਧਰਮ ਤੇ ਸੰਗੀਤ ਦੀ ਪਰੰਪਰਾ ਦਾ ਆਰੰਭ ਵੇਦਾਂ ਤੋਂ ਮੰਨਿਆ ਜਾਂਦਾ ਹੈ। ਇਸ ਲਈ ਕਾਵਿਕ ਅਤੇ ਸੰਗੀਤਕ ਪਰੰਪਰਾਵਾਂ ਦਾ ਦਾ ਆਦਿ ਬਿੰਦੂ ਵੈਦਿਕ ਕਾਵਿ ਹੈ। ਵੈਦਿਕ ਕਾਵਿ ਵਿੱਚ ਤਿੰਨ ਤਰ੍ਹਾਂ ਦੇ ਗਰੰਥ ਨੂੰ ਸ਼ਾਮਿਲ ਕੀਤਾਂ ਜਾਂਦਾ ਹੈ :

1) ਸਹਿੰਤਾ - ਰਿਗ, ਯਜੁਰ, ਸਾਮ ਅਤੇ ਅਥਰਵ।

2) ਬ੍ਰਾਹਮਣ - ਇਹਨਾਂ ਵਿੱਚ ਹਰੇਕ ਸਹਿੰਤਾ ਨਾਲ ਸੰਬੰਧਤ ਬਹੁਤ ਸਾਰੇ ਗਰੰਥ ਹਨ ਜਿਹਨਾਂ ਦਾ ਸੰਬੰਧ ਯੱਗਾਂ ਦੇ ਕਰਮਕਾਂਡ ਨਾਲ ਹੈ।

3) ਆਰਣਯਕ ਤੇ ਉਪਨਿਸ਼ਦ : ਬ੍ਰਾਹਮਣ ਸਾਹਿਤ ਦੇ ਅੰਤਮ ਭਾਗ ਨੂੰ ਆਰਣਯਕ ਕਿਹਾ ਜਾਂਦਾ ਹੈ। ਇਸ ਵਿੱਚ ਯੱਗ ਵਿਧੀ ਨੂੰ ਦਾਰਸ਼ਨਿਕ ਢੰਗ ਨਾਲ

ਸਮਝਾਇਆ ਗਿਆ ਹੈ । ਆਰਣਯਕ ਦੇ ਅੰਤਮ ਭਾਗ ਨੂੰ ਉਪਨਿਸ਼ਦ ਕਿਹਾ ਜਾਂਦਾ ਹੈ । ਇਸ ਵਿੱਚ ਬ੍ਰਹਮ, ਜੀਵ, ਪ੍ਰਕ੍ਰਿਤੀ ਆਦਿ ਦਾ ਦਾਰਸ਼ਨਿਕ ਢੰਗ ਨਾਲ ਵਿਵੇਚਨ ਕੀਤਾ ਗਿਆ ।[1]

ਵੇਦਾਂ ਵਿੱਚ ਭਗਤਾਂ ਵੱਲੋਂ ਦੇਵਤਿਆਂ ਦੀ ਉਸਤਤੀ ਵਿੱਚ ਰਚੀਆਂ ਗਈਆਂ ਕਈ ਤਰ੍ਹਾਂ ਦੀਆਂ ਕਵਿਤਾਵਾਂ ਹਨ । ਇਹਨਾਂ ਵਿਚੋਂ ਕਈ ਬੜੀਆਂ ਭਾਵ ਪੂਰਤ ਅਤੇ ਕਲਾ ਦੇ ਚਮਤਕਾਰਾਂ ਨਾਲ ਭਰਪੂਰ ਹਨ ।[2] ਉਪਨਿਸ਼ਦਾਂ ਵਿੱਚ ਕੱਠ, ਈਸ਼, ਸ਼ਵੇਤਾਸ਼ਵਰ, ਮੰਡੂਕ ਅਤੇ ਮਹਾਂ ਨਰਾਇਣ ਉਪਨਿਸ਼ਦ ਪਦਾਤਮਕ ਹਨ । ਇਹ ਕਾਵਿਕ ਦ੍ਰਿਸ਼ਟੀ ਤੋਂ ਬੜੇ ਰੌਚਕ ਹਨ ।[3]

ਛਾਂਦੋਗਯ ਉਪਨਿਸ਼ਦ ਵਿੱਚ 'ਸਾਮਨ' ਅਤੇ 'ਉਦਗੀਥ' ਦੀ ਵਿਆਖਿਆ ਕੀਤੀ ਗਈ ਹੈ । 'ਉਦਗੀਬ' ਸ਼ਬਦ ਦਾ ਅਰਥ ਹੈ—'ਜੋ ਉੱਚੀ ਸੁਰ ਨਾਲ ਗਾਇਆ ਜਾਵੇ ।' ਛਾਂਦੋਗਯ ਉਪਨਿਸ਼ਦ ਉਦਗੀਥ ਨੂੰ ਸਾਰਿਆਂ ਰਸਾਂ ਦਾ ਰਸਾਂ ਮੰਨਿਆ ਗਿਆ ਹੈ ।[4] ਇਸ ਤਰ੍ਹਾਂ ਗੀਤ ਕਾਵਿ ਦੇ ਮੁਢਲੇ ਬੀਜ ਵੈਦਿਕ ਸਾਹਿਤ ਵਿੱਚ ਪ੍ਰਾਪਤ ਹੁੰਦੇ ਹਨ ।

2. ਮਹਾਂ ਕਾਵਿ ਅਤੇ ਪੁਰਾਣ ਸਾਹਿਤ :—ਮਹਾਂ ਕਾਵਿਆਂ ਵਿੱਚ ਰਮਾਇਣ ਅਤੇ ਮਹਾਂ ਭਾਰਤ ਅਤੇ ਪੁਰਾਣ ਸਾਹਿਤ ਵਿੱਚ 18 ਪੁਰਾਣ ਆਉਂਦੇ ਹਨ । ਅਠਾਰਾਂ (18) ਪੁਰਾਣਾਂ ਦੇ ਨਾਂ ਵ੍ਰਿਹਤ ਹਿੰਦੀ ਕੋਸ਼[5] ਵਿੱਚ ਇਂਜ ਦਿੱਤੇ ਹਨ - ਵਿਸ਼ਣੂ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇਯ, ਅਗਨੀ, ਬ੍ਰਹਮ ਵੈਵਰਤ, ਲਿੰਗ ਵਰਾਹ, ਸਕੰਦ, ਵਾਮਨ, ਕੂਰਮ, ਮਤਸਯ, ਗਰੁੜ, ਬ੍ਰਹਮੰਡ ਅਤੇ ਭਵਿਖਤ ।

ਬਾਲਮੀਕ ਰਚਿਤ ਰਾਮਾਇਣ, ਕਵਿਤਾ ਦੀ ਦ੍ਰਿਸ਼ਈ ਤੋਂ ਇੱਕ ਉੱਤਮ ਗਰੰਥ ਹੈ । ਇਸ ਵਿੱਚ ਲੇਖਕ ਨੇ ਕਈ ਥਾਵਾਂ ਤੇ ਅਲੰਕਾਰਾਂ ਅਤੇ ਛੰਦਾਂ ਦੀ ਯੋਗ ਵਰਤੋਂ ਕਰਕੇ ਆਪਣੀ ਕਾਵਿਕ ਪ੍ਰਤਿਭਾ ਦਾ ਸਬੂਤ ਦਿੱਤਾ ਹੈ । ਇਸ ਦਾ ਕਾਵਿ ਰੂਪ ਗੀਤਾਤਮਕ ਹੈ ਅਤੇ ਆਖਦੇ ਹਨ ਕਿ ਇਸ ਦਾ ਗਾਇਨ ਲਵ ਅਤੇ ਕੁਸ਼ ਦੁਆਰਾ ਕੀਤਾ ਗਿਆ ਸੀ ।[6]

ਮਹਾਂ ਭਾਰਤ ਗਰੰਥ ਰਿਸ਼ੀ ਵਿਆਸ ਦੀ ਰਚਨਾ ਮੰਨੀ ਜਾਂਦੀ ਹੈ । ਇਸ ਦੇ ਲਗ-ਭਗ ਦੋ ਸੌ ਹਜਾਰ ਸਲੋਕ ਹਨ । ਇਸ ਵਿੱਚ ਭਾਰਤ ਵਰਸ਼ ਦੇ ਚਰਿੱਤਰ ਅਤੇ ਕੌਰਵਾਂ-ਪਾਂਡਵਾਂ ਵਿੱਚ ਹੋਏ ਮਹਾਂ ਯੁੱਧ ਦਾ ਵਰਣਨ ਹੈ । ਇਸੇ ਮਹਾਂ ਕਾਵਿ ਵਿੱਚ ਭਗਵਾਨ ਕ੍ਰਿਸ਼ਨ ਵੱਲੋਂ ਉਚਾਰੀ ਗੀਤਾ ਵੀ ਸ਼ਾਮਿਲ ਹੈ ।

ਪੁਰਾਣਾਂ ਵਿੱਚੋਂ ਕੁਝ ਪੁਰਾਣਾਂ ਵਿੱਚ ਉਸ ਵੇਲੇ ਦੀਆਂ ਪ੍ਰਚਲਤ ਕਥਾਵਾਂ ਦਰਜ ਹਨ । ਵਿਸ਼ਣੂ ਪੁਰਾਣ ਵਿੱਚ ਵਿਸ਼ਣੂ, ਲਛਮੀ ਅਤੇ ਪ੍ਰਹਿਲਾਦ ਆਦਿ ਬਾਰੇ ਕਥਾਵਾਂ ਦਿੱਤੀਆਂ ਗਈਆਂ ਹਨ । ਬ੍ਰਹਮ ਵੈਵਰਤ ਪੁਰਾਣ ਦੇ ਚਾਰ ਭਾਗ ਹਨ । ਇਸ ਵਿੱਚ ਕ੍ਰਿਸ਼ਣ ਭਗਤੀ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਅਤੇ ਕ੍ਰਿਸ਼ਣ ਦੀ ਉਸਤਤੀ ਤੇ ਰਾਧਾ ਆਦਿ ਗੋਪੀਆਂ ਦੀ ਪ੍ਰੇਮ ਕ੍ਰੀੜਾ ਦਾ ਵਰਣਨ ਬੜੇ ਕਲਾਮਈ ਢੰਗ ਨਾਲ ਕੀਤਾ ਗਿਆ ਹੈ ।

ਇਹਨਾਂ ਮਹਾਨ ਕਿਰਤਾਂ ਨੇ ਆਉਣ ਵਾਲੇ ਭਾਰਤੀ ਸਾਹਿਤ ਉਪਰ ਬੜਾ ਡੂੰਘਾ ਅਸਰ ਪਾਇਆ ਹੈ ।[7] ਇਹਨਾਂ ਦਾ ਕਾਵਿਕ ਪੱਖ ਭਾਵੇਂ ਇੰਨਾ ਸਪਸ਼ਟ ਨਹੀਂ ਪਰ ਇਹਨਾਂ ਦਾ

ਦਰਸ਼ਨ ਅਤੇ ਕਥਾ ਰੂੜੀਆਂ ਆਦਿ ਸਦਾ ਹੀ ਅਗਲੇਰੇ ਭਾਰਤੀ ਸਾਹਿਤ ਦੇ ਪ੍ਰੇਰਨਾ ਸਰੋਤ ਰਹੇ ਹਨ ।

3. ਬੁੱਧ ਅਤੇ ਜੈਨ ਕਾਵਿ :– ਬੁੱਧ ਧਰਮ ਭਾਵੇਂ ਹਿੰਦੂ ਧਰਮ ਦੀ ਕੱਟੜਤਾ ਅਤੇ ਕਰਮਕਾਂਡ ਦੇ ਵਿਰੋਧ ਵਿਚੋਂ ਪੈਦਾ ਹੋਇਆ ਪਰ ਇਸ ਦੇ ਸਾਹਿਤ ਵਿੱਚ ਵੈਦਿਕ ਸਾਹਿਤ ਦੀ ਕਾਵਿਕ ਪਿਰਤ ਭਲੀਭਾਂਤ ਦ੍ਰਿਸ਼ਟੀ ਗੋਚਰ ਹੁੰਦੀ ਹੈ ।

ਬੋਧੀ ਭਿਖਸ਼ਣੀਆਂ ਵੱਲੋਂ ਗਾਏ ਗੀਤਾਂ ਦਾ ਜੋ ਸੰਗ੍ਰਹਿ ਮਿਲਦਾ ਹੈ, ਉਸਨੂੰ 'ਥੇਰੀ ਗਾਥਾ' ਕਿਹਾ ਜਾਂਦਾ ਹੈ । ਇਸ ਗਰੰਥ ਦੀ ਕਵਿਤਾ ਦਾ ਰੂਪ ਗੀਤ-ਕਾਵਿ ਨਾਲ ਮਿਲਦਾ ਜੁਲਦਾ ਹੈ । ਇੱਥੇ ਕੁਝ ਖਾਸ ਤੁਕਾਂ ਦੇ ਮੁੜ ਮੁੜ ਦੁਹਰਾਉ ਨਾਲ ਗੀਤਾਤਮਕਤਾ ਪੈਦਾ ਕਰਨ ਦੀ ਵਿਧੀ ਅਪਣਾਈ ਗਈ ਹੈ । ਇਹ ਕਵਿਤਾਵਾਂ ਕੁਦਰਤ ਦੇ ਚਿਤਰਣ ਕਰਕੇ ਭਾਰਤੀ ਗੀਤ ਸਾਹਿਤ ਦਾ ਸੁੰਦਰ ਨਮੂਨਾ ਬਣ ਗਈਆਂ ਹਨ ।[8] ਬੋਧੀ ਕਵੀ ਅਸ਼ੂਣ ਘੋਸ਼ ਦੀ 'ਨੰਦੀ ਸਤੋਤਰ' ਨਾਮਕ ਕਾਵਿਤਾ ਵਿਸ਼ੇ ਅਤੇ ਰੂਪ ਦੇ ਪੱਖੋਂ ਖਾਸ ਤੌਰ ਤੇ ਵਰਣਨ ਕੀਤੀ ਜਾਂਦੀ ਰਹੀ ਹੈ ।[9] ਜੈਨ ਧਰਮ ਗਰੰਥਾਂ ਦੇ ਬਾਰਾਂ ਅੰਗ ਹਨ :

1) ਆਚਾਰ ਅੰਗ 2) ਸੂਤਰ ਕ੍ਰਿਤ ਅੰਗ 3) ਸਥਾਨ ਅੰਗ 4) ਸਮ ਵਯਾ ਅੰਗ 5) ਵਿਆਖਿਆ ਪ੍ਰਗਿਆਪਤੀ 6) ਗਿਆਤ ਧਰਮ ਕਥਾ 7) ਉਪਾਸਕ ਦਸ਼ਾ 8) ਅੰਤ ਕ੍ਰਿਦਸ਼ਾ 9) ਅਨੁਤਰਪਪਤਿਕ ਦਸ਼ਾ 10) ਪ੍ਰਸ਼ਨ ਵਿਆਕਰਣਨਿ 11) ਵਿਪਾਕ ਸੂਤਰਮ 12) ਦ੍ਰਿਸ਼ਟੀਵਾਦ ।

ਇਹਨਾਂ ਤੋਂ ਬਿਨ੍ਹਾਂ ਬਾਰਾਂ ਉਪ ਅੰਗ, ਦਸ ਪ੍ਰਕੀਰਣ ਛੇ ਛੇਦ ਸੂਤਰ, ਚਾਰ ਮੂਲ ਸੂਤਰ ਅਤੇ ਨੰਦ ਸੂਤਰ ਮਹੱਤਵ ਪੂਰਨ ਗਰੰਥ ਹਨ ।[10]

ਜੈਨ ਸਾਹਿਤ ਵਿੱਚ ਵੀ ਗੀਤ ਕਾਵਿ ਦੇ ਕੁੱਝ ਉੱਤਮ ਨਮੂਨੇ ਮਿਲਦੇ ਹਨ । ਮਹਾਂ ਵੀਰ ਦੀ ਉਸਤਤੀ ਵਿਚ ਰਚਿਆ ਗਿਆ ਉਦਾਸੱਗਹਰ ਸਤੋਤਰ ਉਲੇਖ ਯੋਗ ਹੈ ।[11]

4. ਸਿੱਧ ਅਤੇ ਨਾਥ ਬਾਣੀ : ਬੋਧ ਧਰਮ ਦੀ ਮਹਾਂ ਯਾਨ ਸ਼ਾਖਾ ਤੰਤਰ ਮੰਤਰ ਦੀਆਂ ਪਧਤੀਆਂ ਨੂੰ ਅਪਣਾਉਂਦੀ ਹੋਈ ਅਠਵੀਂ ਨੌਵੀਂ ਸਦੀ ਈਸਵੀ ਵਿੱਚ ਇਕ ਨਵੀਂ ਸੰਪਰਦਾ ਦੇ ਰੂਪ ਵਿੱਚ ਪਰਵਿਰਤ ਹੋ ਗਈ, ਜਿਸ ਨੂੰ ਵਜਰਯਾਨ ਕਿਹਾ ਜਾਂਦਾ ਹੈ। ਇਸ ਵਜਰਯਾਨ ਸ਼ਾਖਾ ਦੇ ਸਾਧਕਾਂ ਨੂੰ ਸਿੱਧ ਕਿਹਾ ਗਿਆ ਹੈ । ਸਿੱਧ ਸਾਹਿਤ ਵਿੱਚ ਦੋਹੇ ਪਦੇ ਅਤੇ ਉਲਟ ਬਾਸੀਆਂ ਆਦਿ ਛੰਦ-ਕਾਵਿ ਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ । ਪਦਿਆਂ ਵਿੱਚ ਚਰਯਾਪਦ, ਲੁਈਪਦ, ਕਣਹਪਦ ਆਦਿ ਵੰਨਗੀਆਂ ਦੇ ਪਦੇ ਮਿਲਦੇ ਹਨ । ਸਿੱਧ ਕਾਵਿ ਦੀ ਭਾਸ਼ਾ ਲੋਕ ਬੋਲੀ (ਆਪ ਭਰੰਸ਼) ਹੈ ਅਤੇ ਇਸ ਦਾ ਰੂਪ ਲੋਕ ਕਾਵਿ ਰੂਪਾਂ ਵਾਲਾ । ਇਸ ਲਈ ਇਹ ਕਾਵਿ ਲੋਕਾਂ ਵਿਚ ਹਰਮਨ ਪਿਆਰਾ ਰਿਹਾ ਹੈ ।

ਨਾਥ ਬਾਣੀ : ਇਤਿਹਾਸਕ ਵਿਕਾਸ ਦੀ ਦ੍ਰਿਸ਼ਟੀ ਤੋਂ ਨਾਥ–ਸੰਪਰਦਾ ਸਿੱਧ ਸੰਪਰਦਾ ਦਾ ਵਿਕਸਤ ਤੇ ਸ਼ਕਤੀ ਸ਼ਾਲੀ ਰੂਪ ਹੈ । ਨਾਥ ਮੱਤ ਦੀਆਂ ਮਛੰਦਰ ਨਾਥੀ

ਅਤੇ ਗੋਰਖ ਨਾਥੀ ਦੋ ਸ਼ਾਖਾਵਾ ਹਨ। ਗੋਰਖ ਨਾਥੀ ਮੱਤ ਨੂੰ ਆਮ ਤੌਰ ਜੋਗ ਮੱਤ ਕਿਹਾ ਜਾਂਦਾ ਹੈ। ਗੋਰਖ ਨਾਥ ਦੇ ਨਾਮ ਨਾਲ ਕਾਫ਼ੀ ਬਾਣੀ ਸੰਬੰਧਤ ਕੀਤੀ ਜਾਂਦੀ ਹੈ। ਪਰ ਪਰਮਾਣੀਕ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ।[12]

1. ਸਬਦੀ 2. ਪਦ 3. ਸਿਖਯਾ ਦਰਸ਼ਨ 4. ਪ੍ਰਾਣ ਸੰਗਲੀ 5. ਨਰਵੇ ਬੋਧ 6. ਆਤਮ ਬੋਧ 7. ਅਭੈ ਮਾਤਰਾ ਯੋਗ 8. ਪੰਚਮ ਥਿਤੀ 9. ਸਪਤਾਵਰ 10. ਮਛੰਦਰ ਗੋਰਖ ਬੋਧ 11. ਰੋਮਾਵਲੀ 12. ਗਿਆਨ ਤਿਲ 13. ਗਿਆਨ ਚਲੀਹਾ ਪੰਚ ਮਾਤਰਾ।

ਨਾਥ ਬਾਣੀ ਦੇ ਰੂਪਕ ਪੱਖ ਬਾਰੇ ਡਾ. ਹਜ਼ਾਰੀ ਪ੍ਰਸਾਦ ਦਿਵੇਦੀ[13] ਦਾ ਕਥਨ ਹੈ ਕਿ ਨਾਥ ਸੰਪਰਦਾਇ ਦੀਆਂ ਬਹੁਤ ਸਾਰੀਆਂ ਰਚਨਾਵਾਂ ਸੰਬਾਦ ਦੇ ਰੂਪ ਵਿਚ ਮਿਲਦੀਆਂ ਹਨ। ਇੰਜ ਲਗਦਾ ਹੈ ਕਿ ਦੋ ਮਹਾਤਮਾਵਾਂ ਦੇ ਸੰਵਾਦ ਦੇ ਰੂਪ ਵਿੱਚ ਆਪਣ ਦਾਰਸ਼ਨਿਕ ਮੱਤ ਅਤੇ ਧਾਰਮਕ ਵਿਸ਼ਵਾਸ਼ ਨੂੰ ਪ੍ਰਗਟ ਕਰਨ ਦੀ ਇਹ ਪੱਧਤੀ ਨਾਥ ਪੰਥੀਆਂ ਦਾ ਆਪਣਾ ਆਵਿਸ਼ਕਾਰ ਹੈ। ਮਛੰਦਰ ਗੋਰਖ ਬੋਧ ਜਿਸਨੂੰ ਸੰਖੇਪ ਵਿਚ ਗੋਰਖ ਬੋਧ ਕਿਹਾ ਜਾਂਦਾ ਹੈ ਅਜਿਹਾ ਹੀ ਸੰਵਾਦ ਹੈ। ਇਸ ਨੂੰ ਗੋਸਟਿ ਵੀ ਕਿਹਾ ਜਾਂਦਾ ਹੈ। ਗੋਰਖ ਨਾਥ ਦੀ ਬਾਣੀ ਵਿੱਚ ਸਪਤਾਵਰ ਅਤੇ ਆਰਤੀ ਲੋਕ-ਕਾਵਿ ਰੂਪਾਂ ਦਾ ਪ੍ਰਯੋਗ ਹੋਇਆ ਹੈ। ਛੰਦਾਂ ਵਿਚੋਂ ਨਾਥਾਂ ਨੂੰ ਦੋਹਾ ਅਤੇ ਚੋਪਈ ਹੀ ਬਹੁਤੇ ਪਿਆਰੇ ਛੰਦ ਲਗਦੇ ਸਨ।

---

1. ਸ਼ਿਵ ਦੱਤ 'ਗਿਆਨੀ', ਭਾਰਤੀਯ ਸੰਸਕ੍ਰਿਤੀ, ਪੰਨਾ 239-40
2. ਰਹੁਲ ਸਾਂਕ੍ਰਤ ਯਾਯਨ, ਦਰਸ਼ਨ ਦਿਗਦਰਸ਼ਨ, ਪੰਨਾ 382
3. ਸ਼ਿਵ ਦੱਤ 'ਗਿਆਨੀ', ਭਾਰਤੀਯ ਸੰਸਕ੍ਰਿਤੀ, ਪੰਨਾ 247
4. 'ਛਾਂਦੋ ਗਯੋਪਨਿਸ਼ਦ' ਸੰਕਰ ਭਾਸ਼ਾਰਥ (ਹਿੰਦੀ ਅਨਵਾਦ), ਪੰਨਾ 33
5. ਕਾਲਿਕਾ ਪ੍ਰਸਾਦ (ਸੰ.), ਬ੍ਰਹਤ ਹਿੰਦੀ ਕੋਸ਼, ਪੰਨਾ 808
6. ਅਚਾਰੀਆ ਬ੍ਰਿਹਸਪਤੀ, ਸੰਗੀਤ ਚਿੰਤਮਣੀ, ਪੰਨਾ 31
7. ਗਣਪਤਿ ਚੰਦਰ ਗੁਪਤ, ਹਿੰਦੀ ਸਾਹਿਤਯ ਕਾ ਵੈਗਿਆਨਿਕ ਇਤਿਹਾਰ ਪੰਨਾ 78
8. ਉਮੇਸ਼ ਜੋਸ਼ੀ, ਭਾਰਤੀ ਸੰਗੀਤ ਕਾ ਇਤਿਹਾਸ, ਪੰਨਾ 119-20
9. Maurice Wintelnitz *History of Indian Literature* Voll. II Page 257
10. ਜਗਨ ਨਾਥ ਸ਼ਰਮਾ, ਹਮਾਰਾ ਸਾਂਸਕ੍ਰਿਤਕ ਸਾਹਿਤ, ਪੰਨਾ 56
11. Maurica Winternitz, *A History of Indian literature* Voll II 257
12. ਪੀਤਾਂਬਰ ਦੱਚ ਬੜਥਵਾਲ (ਸੰ.), ਗੋਰਖ ਬਾਣੀ
13. ਹਜ਼ਾਰੀ ਪ੍ਰਸਾਦ ਦਿਵੇਦੀ, ਨਾਥ ਸੰਪਰਦਾਇ, ਪੰਨਾ 221 —0—

# ਗੁਰਬਾਣੀ ਦਾ ਪਰਭਾਵ

—ਪ੍ਰੋ ਸਾਹਿਬ ਸਿੰਘ, ਡੀ. ਲਿਟ

ਮਾਨਸਿਕ ਵਿਦਿਆ ਦੇ ਨਿਸ਼ਾਨੇ ਤੋਂ

''ਹਰਿ ਸਿਮਰਤ ਕਿਲਵਿਖ ਸਭਿ ਨਾਸੇ'' (ਬਿਲਾਵਲ ਮ: ੫)

ਅੱਜ ਕੱਲ੍ਹ ਦੀ ਖੋਜ ਨੇ ਇਹ ਦੱਸਿਆ ਹੈ ਕਿ ਮਨੁੱਖ ਨਿਰਾ 'ਚੇਤਨ ਮਨ' ਦੀ ਪ੍ਰੇਰਨਾ ਨਾਲ ਹੀ ਦੌੜਿਆ ਨਹੀਂ ਫਿਰਦਾ, ਇਸ ਦੇ ਜੀਵਨ ਨੂੰ ਢਾਲਣ ਵਿਚ ਇਕ ਹੋਰ ਦਾ ਸਗੋਂ ਬਹੁਤ ਵਧੀਕ ਹੱਥ ਹੈ, ਉਹ ਹੈ 'ਅਚੇਤ ਮਨ' (Subconscious Mind) । ਇਹ 'ਅਚੇਤ ਮਨ' 'ਚੇਤਾ-ਸ਼ਕਤੀ' ਦਾ ਜ਼ਖੀਰਾ ਹੈ, ਜਨਮ ਸਮੇਂ ਤੋਂ ਲੈ ਕੇ ਹੁਣ ਤਕ ਦੇ ਸਾਰੇ ਸੰਸਕਾਰ (ਅਸਾਡੇ ਜੀਵਨ ਦੇ) ਇਸ ਵਿਚ ਜਮ੍ਹਾ ਹਨ । ਇਹਨਾਂ ਸਾਰੇ ਸੰਸਕਾਰਾਂ ਦਾ ਇਕੱਠ ਮਨੁੱਖ ਦੀ ਸਮੁੱਚੀ ਹਸਤੀ ਹੈ । ਏਸ 'ਅਚੇਤ ਮਨ' ਨੂੰ ਮਨੁੱਖਾ ਜੀਵਨ ਦਾ ਬਿਜਲੀ-ਘਰ ਸਮਝੋ, ਜਿਸ ਵਿਚੋਂ ਕਈ ਕਿਸਮ ਦੇ ਜਜ਼ਬਿਆਂ ਤੇ ਵਲਵਲਿਆਂ ਦੀਆਂ ਬਿਜਲੀ-ਰੌਆਂ ਚਲ ਕੇ ਅਸਾਡੀ ਰੋਜ਼ਾਨਾ ਜ਼ਿੰਦਗੀ ਨੂੰ ਚਲਾਂਦੀਆਂ ਹਨ ।

ਜ਼ਿੰਦਗੀ ਨੂੰ ਕਾਇਮ ਰੱਖਣ ਵਾਸਤੇ ਮਨੁੱਖ-ਸਰੀਰ ਦੇ ਸਾਰੇ ਅੰਗ (ਹਿਰਦਾ, ਫੇਫੜੇ ਆਦਿਕ) ਜੋ ਕੰਮ-ਕਾਰ ਕਰਦੇ ਹਨ, ਇਹਨਾਂ ਦ ਦੇਖ-ਭਾਲ ਤੇ ਇਹਨਾਂ ਅੰਗਾਂ ਦੀ ਅਰੋਗਤਾ ਆਦਿਕ ਦਾ ਧਿਆਨ ਭੀ ਇਹ 'ਅਚੇਤ-ਮਨ' ਹੀ ਕਰਦਾ ਹੈ । ਮਨੁੱਖਾ ਜਿਸਮ ਦੀ ਬਣਤਰ ਘੜੀ ਦੀ ਮਸ਼ੀਨਰੀ ਵਾਂਗ ਨਹੀਂ ਹੈ ਕਿ ਇਕ ਵਾਰੀ ਚਾਬੀ ਦਿੱਤੀ ਤੇ ਨਿਯਤ ਸਮੇਂ ਤੱਕ ਆਪਣੇ ਆਪ ਚਲਦੀ ਰਹੀ । ਸਰੀਰਕ ਪੁਰਜ਼ਿਆਂ ਦੀਆਂ ਸਾਰੀਆਂ ਗੁੰਝਲਾਂ ਦੀ ਨਿਗਰਾਨੀ 'ਅਚੇਤ-ਮਨ' ਦੇ ਜ਼ਿੰਮੇ ਹੈ ।

ਸੋ, ਇਉਂ ਸਮਝ ਲਵੋ ਕਿ ਇਹ 'ਅਚੇਤ-ਮਨ' ਕਦੇ ਸੌਂਦਾ ਨਹੀਂ ਹੈ, ਜਦੋਂ 'ਸੁਚੇਤ ਮਨ' ਅਰਾਮ ਕਰਦਾ ਹੈ ਤਦੋਂ ਇਹ 'ਅਚੇਤ ਮਨ' ਸਗੋਂ ਵਧੀਕ ਤਕੜਾਈ ਰਖਦਾ ਹੈ । ਇਸ ਦੇ ਟਾਕਰੇ ਤੇ 'ਸੁਚੇਤ ਮਨ' ਦੇ ਉੱਦਮ ਤੇ ਦੌੜ ਭੱਜ ਤੁੱਛ ਜਿਹੇ ਹੀ ਜਾਪਦੇ ਹਨ । ਪਰ ਇਸ ਦਾ ਭਾਵ ਇਹ ਨਹੀਂ ਕਿ 'ਸੁਚੇਤ ਮਨ' ਦੀ ਹਸਤੀ ਨੂੰ ਉੱਕਾ ਹੀ ਛੁਟਿਆ ਦਿੱਤਾ ਜਾਏ । 'ਸੁਚੇਤ ਮਨ' ਇਕ ਵਡਮੁੱਲੀ ਮਸ਼ੀਨ ਹੈ, ਮਨੁੱਖ ਦੀ ਵਿਚਾਰ-ਸੱਤਾ ਦਾ ਸੋਮਾ ਹੈ ; ਪਰ ਹੈ ਇਹ ਮਸ਼ੀਨ ਹੀ, ਇੰਧਣ ਤੇ ਇੰਜੀਨੀਅਰ ਵਾਲਾ ਕੰਮ 'ਅਚੇਤ ਮਨ' ਦੇ ਜ਼ਿੰਮੇ ਹਨ ।

ਇਕ ਹੋਰ ਗੱਲ ਭੀ ਚੇਤੇ ਰੱਖਣ ਵਾਲੀ ਹੈ—ਮਾਨਸਿਕ ਜੀਵਨ ਦੇ ਇਹ ਦੋਵੇਂ ਅੰਗ ਸਦਾ ਇਕ ਦੂਜੇ ਉੱਤੇ ਆਪਣਾ ਪਰਭਾਵ ਪਾਂਦੇ ਰਹਿੰਦੇ ਹਨ । 'ਸੁਚੇਤ ਮਨ ਵਿਚੋਂ ਉਠੇ ਹੋਏ ਹਰੇਕ ਤਰੰਗ ਦੀ ਨੀਂਹ 'ਅਚੇਤ ਮਨ' ਦੇ ਡੂੰਘੇ ਪਾਣੀਆਂ ਵਿਚ ਹੁੰਦੀ ਹੈ, ਤੇ ਇਹ ਹਰੇਕ ਤਰੰਗ 'ਸੁਚੇਤ ਮਨ' ਦੀ ਉਪਰਲੀ ਤਾਹ ਉਤੇ ਆਪਣਾ ਜਲਵਾ ਵਿਖਾ ਕੇ 'ਅਚੇਤ ਮਨ' ਦੇ ਡੂੰਘੇ ਪਾਣੀ ਵਿਚ ਜਾ ਲੀਨ ਹੁੰਦਾ ਤੇ ਇਨਸਾਨੀ ਜ਼ਿੰਦਗੀ ਦਾ ਹਿੱਸਾ ਬਣ ਜਾਂਦੀ ਹੈ । ਜੇ ਤਾਂ ਇਹ ਤਰੰਗ ਇਕ ਨਰੋਆ ਤੇ ਪਵਿੱਤਰ ਖਿਆਲ ਹੈ ਤਾਂ ਤੇ ਅਸੀਂ ਜੀਵਨ-

ਵਪਾਰ ਵਿਚ ਕੁਝ ਖੱਟ ਰਹੇ ਹਾਂ, ਪਰ ਜੇ ਇਹ ਤਰੰਗ ਕੋਈ ਗੰਦਾ ਤੇ ਰੋਗੀ ਖਿਆਲ ਹੈ ਤਾਂ ਘਾਟੇ ਵਿਚ ਜਾਂਦੇ ਹਾਂ।

ਅਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਕਿਸੇ ਖਿਆਲ ਦਾ 'ਸੁਚੇਤ ਮਨ' ਵਿਚੋਂ ਲੰਘ ਕੇ 'ਅਚੇਤ ਮਨ' ਦੀਆਂ ਡੂੰਘੀਆਂ ਤਹਿਆਂ ਵਿਚ ਜਾਣ ਦਾ ਨਾਂ ਹੈ 'ਸ੍ਵੈ-ਪ੍ਰੇਰਨਾ'। ਇਹ ਸ੍ਵੈ-ਪ੍ਰੇਰਨਾ ਅਸਾਡੇ ਜੀਵਨ ਵਿਚ ਹਰ ਵੇਲੇ ਹੋ ਰਹੀ ਹੈ, ਅਸਾਨੂੰ ਨਿੱਤ ਅਜਿਹੀਆਂ ਹੱਡ-ਬੀਤੀਆਂ ਮਿਲਦੀਆਂ ਹਨ।

## ਸ੍ਵੈ-ਪ੍ਰੇਰਨਾ ਦੀਆਂ ਹੱਡ-ਬੀਤੀਆਂ ਗਵਾਹੀਆਂ –

੧. ਤੁਸੀਂ ਕਿਸੇ ਖਿਆਲ ਵਿਚ ਡੁੱਬੇ ਹੋਏ, ਉਦਾਸ ਤੇ ਢੱਠੇ ਜਿਹੇ ਤੁਰੇ ਜਾ ਰਹੇ ਹੋ। ਰਾਹ ਵਿਚ ਇਕ ਪੁਰਾਣਾ ਮਿੱਤਰ ਮਿਲ ਪੈਂਦਾ ਹੈ, ਜੋ ਹਰ ਵੇਲੇ ਹਸੂੰ ਹਸੂੰ ਕਰਦਾ ਹੈ ਤੇ ਖਿੜੇ ਮੱਥੇ ਰਹਿੰਦਾ ਹੈ। ਪਲ ਕੁ ਉਸ ਨਾਲ ਗੱਲਾਂ ਕੀਤੀਆਂ, ਤੁਹਾਡੀ ਉਦਾਸੀ ਦੂਰ ਹੋ ਜਾਂਦੀ ਹੈ ਤੇ ਅੰਦਰ ਹੁਲਾਸ ਜਿਹਾ ਪੈਦਾ ਹੁੰਦਾ ਹੈ। ਇਹ ਕਿਵੇਂ ਹੋ ਗਿਆ? ਬਸ, ਤੁਹਾਡੇ ਆਪਣੇ ਹੀ ਖਿਆਲ ਨਾਲ। ਤੁਸੀਂ ਮਿੱਤਰ ਦਾ ਖਿੜਿਆ ਚਿਹਰਾ ਵੇਖ ਰਹੇ ਸੀ, ਉਸ ਦੀਆਂ ਮਿੱਠੀਆਂ ਗੱਲਾਂ ਸੁਣ ਰਹੇ ਸੀ, ਉਸ ਦਾ ਹੱਸਣਾ ਤਕ ਰਹੇ ਸੀ ਤੇ ਏਸ ਤਰ੍ਹਾਂ ਤੁਹਾਡਾ 'ਸੁਚੇਤ ਮਨ' ਹੁਲਾਸ ਤੇ ਖੇੜੇ ਦੇ ਖਿਆਲ ਵਿਚ ਰੁੱਝ ਗਿਆ ਸ਼ੀ। ਇਹ ਖਿਆਲ ਏਥੋਂ ਤੁਹਾਡੇ 'ਅਚੇਤ ਮਨ' ਦੀ ਡੂੰਘਾਈ ਵਿਚ ਉਤਰ ਕੇ ਤੁਹਾਡੇ ਉਸ ਵੇਲੇ ਦੇ ਜੀਵਨ ਦਾ ਅੰਗ ਬਣ ਗਿਆ ਤੇ ਤੁਸੀ ਸੁਤੇ ਹੀ ਖੁਦ ਭੀ ਹੁਲਾਸ ਵਿਚ ਆ ਗਏ।

੨. ਇਕ ਨੌਜੁਆਨ ਕਿਸੇ ਮਿੱਤਰ ਨੂੰ ਮਿਲਣ ਜਾਂਦਾ ਹੈ। ਸ਼ਾਮ ਵੇਲੇ ਓਥੇ ਗੱਲਾਂ ਬਾਤਾਂ ਵਿਚ ਭੂਤਨੀਆਂ ਦੀਆਂ ਡਰਾਉਣੀਆਂ ਕਹਾਣੀਆਂ ਚੱਲ ਪੈਂਦੀਆਂ ਹਨ। ਹਨੇਰੇ ਪਏ ਉਹ ਨੌਜੁਆਨ ਘਰ ਮੁੜਦਾ ਹੈ। ਭੈ-ਦਾਇਕ ਕਹਾਣੀਆਂ ਦੇ ਸਰੂਪ 'ਅਚੇਤ ਮਨ' ਵਿਚ ਉਤਰ ਚੁਕੇ ਹਨ। ਰਸਤਾ ਤਾਂ ਉਹੀ ਹੈ ਜਿੱਥੇ ਕਈ ਵਾਰੀ ਹਨੇਰੇ ਸਵੇਰੇ ਤੁਰਿਆ ਫਿਰਿਆ ਹੈ, ਪਰ ਹੁਣ ਉਹ ਨੌਜੁਆਨ ਹਨੇਰੇ ਥਾਂਵਾਂ ਤੋਂ ਸੁੰਗੜ ਕੇ ਲੰਘਦਾ ਹੈ, ਸਾਹ ਕੁਝ ਘੁੱਟਿਆ ਪਿਆ ਹੈ ਤੇ ਘਰ ਦੇ ਚਾਨਣ ਨੂੰ ਤਕ ਕੇ ਸੁਖ ਦਾ ਸਾਹ ਲੈਂਦਾ ਹੈ। 'ਸ੍ਵੈ-ਪ੍ਰੇਰਨਾ' ਨੇ ਰੁੱਖਾਂ ਨੂੰ ਭੂਤਨੇ ਨਹੀਂ ਬਣਾ ਦਿੱਤਾ, ਪਰ 'ਅਚੇਤ ਮਨ' ਉਤੇ ਭੈ-ਦਾਇਕ ਪਰਭਾਵ ਪੈ ਜਾਣ ਕਰਕੇ ਹੁਣ ਜੋ ਕੁਝ ਸੁਣਦਾ ਤੇ ਵੇਖਦਾ ਹੈ, ਉਹ ਉਸੇ ਭੈ ਦੇ ਰੰਗ ਵਿਚ ਰੰਗਿਆ ਹੋਇਆ ਹੈ।

੩. ਸਟੇਜ ਤੇ ਬੋਲਣ ਵਾਲਾ ਹਰੇਕ ਪੜ੍ਹਿਆ ਲਿਖਿਆ ਮਨੁੱਖ ਪਹਿਲੀ ਵਾਰੀ ਸਟੇਜ ਤੇ ਆਉਣ ਦੇ ਡਰ ਦੀ ਹੱਡ-ਬੀਤੀ ਨੂੰ ਜਾਣਦਾ ਹੈ। ਏਸ ਡਰ ਦੇ ਸ਼ਿਕਾਰ ਮਨੁੱਖ ਦਾ ਮਨ ਤੇ ਸਰੀਰ ਦੋਵੇਂ ਅਰੋਗ ਹਨ, ਇਸ ਦੀ ਅਵਾਜ਼ ਭੀ ਚੰਗੀ ਹੈ, ਖੁਲ੍ਹਾ ਬੋਲ ਭੀ ਸਕਦਾ ਹੈ ਤੇ ਅੰਦਰ ਖਿਆਲਾਂ ਦਾ ਭੀ ਕੋਈ ਘਾਟਾ ਨਹੀਂ। ਉਸ ਨੂੰ ਇਹ ਭੀ ਪਤਾ ਹੈ ਕਿ ਸੁਣਨ ਵਾਲੇ ਉਸ ਦੇ ਖਿਆਲ ਸ਼ੌਕ ਨਾਲ ਤੇ ਗਹੁ ਨਾਲ ਸੁਣਨ ਨੂੰ ਤਿਆਰ ਹਨ। ਪਰ, ਉਸ ਦੇ ਸਟੇਜ ਤੇ ਪੈਰ ਰੱਖਣ ਦੀ ਢਿੱਲ ਹੁੰਦੀ ਹੈ ਕਿ ਉਸ ਦੇ ਗੋਡੇ ਕੰਬਣ ਲੱਗ

ਪੈਂਦੇ ਹਨ, ਪੈਰ ਥਿੜਕਣ ਲੱਗ ਜਾਂਦੇ ਹਨ ਤੇ ਦਿਲ ਧੜਕਣਾ ਸ਼ੁਰੂ ਹੋ ਜਾਂਦਾ ਹੈ। ਮਨ ਵਿਚ ਕੋਈ ਖਿਆਲ ਨਹੀਂ ਅਹੁੜਦਾ, ਮੂੰਹੋਂ ਕੋਈ ਗੱਲ ਨਹੀਂ ਨਿਕਲਦੀ, ਅਖੀਰ ਕੁਝ ਮੱਮਾ ਥੱਥਾ ਕਰਕੇ ਤੇ ਬੜਾ ਹਾਸੋ-ਹੀਣਾ ਹੋ ਕੇ ਸਟੇਜ ਤੋਂ ਉਤਰ ਆਉਂਦਾ ਹੈ। ਇਹ ਕਿਉਂ ? ਉਸ ਦੀ ਏਸ ਘਬਰਾਹਟ ਦਾ ਕਾਰਨ ਉਸ ਦੇ ਆਪਣੇ ਹੀ ਉਹ ਖਿਆਲ ਹਨ ਜੋ ਉਸ ਦੇ ਸਟੇਜ ਤੇ ਆਉਣ ਤੋਂ ਪਹਿਲਾਂ ਉਸ ਦੇ ਮਨ ਨੂੰ ਘੇਰੀ ਬੈਠੇ ਸਨ। ਉਸ ਨੂੰ ਡਰ ਸੀ ਕਿ ਹਾਸੋ-ਹੀਣਾ ਨਾ ਹੋਵਾਂ, ਉਸ ਨੂੰ ਫ਼ਿਕਰ ਸੀ ਕਿ ਕਿਤੇ ਲੋਕਾਂ ਦੇ ਸਾਹਮਣੇ ਖਲੋ ਕੇ ਵਖਿਆਨ ਭੁੱਲ ਨਾ ਜਾਏ। ਇਹ ਸਹਿਮ ਉਸ ਦੇ 'ਅਚੇਤ ਮਨ' ਦੀ ਡੂੰਘਾਈ ਵਿਚ ਅੱਪੜ ਚੁੱਕਿਆ ਸੀ। ਸੋ ਸਟੇਜ ਉਤੇ ਅੱਪੜ ਕੇ ਉਹੀ ਕੁਝ ਹੋਇਆ।

ਇਨਸਾਨੀ ਜੀਵਨ ਵਿਚ ਹਰ ਰੋਜ਼ ਕਈ ਐਸੀਆਂ ਹੱਡ-ਬੀਤੀਆਂ ਮਿਲਦੀਆਂ ਹਨ। ਕਦੇ ਆਪਣੇ ਆਪ ਪਾਸੋਂ ਪੁੱਛਿਆ ਜੇ ਕਿ ਕਈ ਮਨੁੱਖ ਕਿਤੇ ਲਹੂ ਵੀਟਿਆ ਵੇਖ ਕੇ ਗਸ਼ ਕਿਉਂ ਖਾ ਜਾਂਦੇ ਹਨ ਅਤੇ ਬੜੀ ਉਚਾਈ ਤੋਂ ਹੇਠ ਵੱਲ ਤੱਕਿਆਂ ਕਈ ਬੰਦਿਆਂ ਦੇ ਸਿਰ ਕਿਉਂ ਚਕਰਾ ਜਾਂਦੇ ਹਨ ?

ਇਹਨਾਂ ਉੱਪਰ ਦਿੱਤੀਆਂ ਮਿਸਾਲਾਂ ਤੋਂ ਇਹ ਗੱਲ ਸਾਫ਼ ਹੋ ਗਈ ਹੈ ਕਿ ਉਹ ਸੋਚਾਂ ਜੋ ਅਸੀਂ ਸੋਚਦੇ ਰਹਿੰਦੇ ਹਾਂ, ਅਸਾਡੇ 'ਅਚੇਤ ਮਨ' ਵਿਚ ਜਾ ਕੇ ਸਾਡੇ ਜੀਵਨ ਦਾ ਹਿੱਸਾ ਬਣ ਜਾਂਦੀਆਂ ਹਨ। ਪਰ ਏਥੇ ਪ੍ਰਸ਼ਨ ਉੱਠਦਾ ਹੈ - ਕੀ ਇਹ ਨਿਯਮ ਸਰਬ-ਵਿਆਪਕ ਹੈ ?

ਹਕੀਮ ਤੇ ਡਾਕਟਰ ਆਪਣੇ ਮਰੀਜ਼ਾਂ ਤੋਂ ਰੋਜ਼ ਉਹਨਾਂ ਦੇ ਰੋਗਾਂ ਦੀ ਵਿਥਿਆ ਬੜੇ ਗਹੁ ਨਾਲ ਸੁਣਦੇ ਹਨ, ਪਰ ਉਹਨਾਂ ਉੱਤੇ ਕੋਈ ਮਾੜਾ ਅਸਰ ਨਹੀਂ ਪੈਂਦਾ। ਥੀਏਟਰ ਵਿਚ ਸਟੇਜ ਉੱਤੇ ਜੇ ਕੋਈ ਹਾਸੇ ਦਾ ਖੇਲ ਵਿਖਾਇਆ ਜਾਏ ਤਾਂ ਕਈ ਬੰਦੇ ਖੁਸ਼ ਹੋਣ ਦੀ ਥਾਂ ਖਿਝ ਜਾਂਦੇ ਹਨ। ਕਈ ਮਨੁੱਖ ਐਸੇ ਵੇਖੀਦੇ ਹਨ ਜੋ ਦੂਜਿਆਂ ਨੂੰ ਖਿੜਿਆ ਵੇਖ ਕੇ ਸਗੋਂ ਵਧੀਕ ਉਦਾਸ ਹੋ ਜਾਂਦੇ ਹਨ। ਕੀ ਇਸਦਾ ਇਹ ਭਾਵ ਹੈ ਕਿ ਕਈ ਹਾਲਤਾਂ ਵਿਚ ਇਹ ਨਿਯਮ ਟੁੱਟ ਜਾਂਦਾ ਹੈ ?

ਅਸਲ ਗੱਲ ਇਹ ਹੈ ਕਿ ਅਸਾਡੇ ਉੱਤੇ ਉਹੀ ਸੋਚਾਂ ਅਸਰ ਪਾਂਦੀਆਂ ਹਨ ਜੋ ਸਾਡੇ ਆਪਣੇ ਮਨ ਵਿਚ ਚੱਕਰ ਲਾ ਰਹੀਆਂ ਹੁੰਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਬਾਹਰੋਂ ਜੋ ਖਿਆਲ ਅਸਾਨੂੰ ਮਿਲ ਰਹੇ ਹੋਣ, ਉਹ ਅਸਾਡੇ ਆਪਣੇ ਅੰਦਰ ਦੇ ਉਸ ਵੇਲੇ ਦੇ ਖਿਆਲ ਨਾਲ ਮਿਲਦੇ ਜੁਲਦੇ ਹੀ ਹੋਣ। ਇਕ ਉਦਾਸ ਮਨੁੱਖ ਕਿਸੇ ਹੱਸੂ ਹੱਸੂ ਕਰਦੇ ਬੰਦੇ ਨੂੰ ਮਿਲਦਾ ਹੈ। ਉਸ ਨੂੰ ਇਹ ਵੇਖ ਕੇ ਇਹ ਉਦਾਸ ਬੰਦਾ ਉਸ ਦੇ ਚੰਗੇ ਭਾਗਾਂ ਦਾ ਆਪਣੀਆਂ ਮੁਸੀਬਤਾਂ ਨਾਲ ਟਾਕਰਾ ਕਰਨ ਲੱਗ ਪੈਂਦਾ ਹੈ। ਇਸ ਤਰ੍ਹਾਂ ਉਸ ਦੇ ਆਪਣੇ ਦੁਖੀ ਹੋਣ ਦਾ ਖਿਆਲ ਸਗੋਂ ਪੱਕਾ ਹੋ ਕੇ ਉਸ ਦੇ 'ਅਚੇਤ ਮਨ' ਵਿਚ ਜਾ ਬੈਠਦਾ ਹੈ।

ਏਸੇ ਤਰ੍ਹਾਂ ਡਾਕਟਰ ਕਿਸੇ ਮਰੀਜ਼ ਦੇ ਰੋਗ ਦੇ ਲੱਛਣਾਂ ਨੂੰ ਆਪਣੇ 'ਸੁਚੇਤ ਮਨ' ਵਿਚ ਟਿਕਣ ਦਾ ਸਮਾਂ ਨਹੀਂ ਦੇਂਦਾ। ਉਸ ਦਾ ਆਪਣਾ ਖਿਆਲ ਤਾਂ ਤੁਰਤ ਉਸ ਰੋਗ

ਦੇ ਇਲਾਜ ਵੱਲ ਪਰਤ ਪੈਂਦਾ ਹੈ ਤੇ ਉਸਦਾ ਅਚੇਤ ਮਨ ਉਸ ਨੂੰ ਇਲਾਜ ਲੱਭਣ ਵਿਚ ਸਹਾਇਤਾ ਦੇਣ ਦੇ ਆਹਰ ਲੱਗਾ ਹੁੰਦਾ ਹੈ।

ਇਸ ਵਿਚਾਰ ਤੋਂ ਅਸੀਂ ਏਸ ਸਿੱਟੇ ਤੇ ਅੱਪੜੇ ਹਾਂ ਕਿ ਸਿਰਫ ਉਹੀ ਫੁਰਨੇ ਤੇ ਸੋਚਾਂ ਅਸਾਡੇ ਜੀਵਨ ਦਾ ਹਿੱਸਾ ਬਣ ਸਕਦੇ ਹਨ, ਜਿਨ੍ਹਾਂ ਨੂੰ ਅਸਾਡਾ ਮਨ ਪਹਿਲਾਂ ਕਬੂਲ ਕਰ ਲੈਂਦਾ ਹੈ। ਜਿਸ ਖਿਆਲ ਨੂੰ ਮਨ ਕਬੂਲ ਨਹੀਂ ਕਰਦਾ, ਉਹ ਅਸਾਡੇ ਜੀਵਨ ਤੇ ਕੋਈ ਅਸਰ ਨਹੀਂ ਪਾ ਸਕਦਾ। ਕਿਸੇ ਬੰਦੇ ਨੂੰ ਬੜੀ ਸਖਤ ਦੰਦ-ਪੀੜ ਹੋ ਰਹੀ ਹੋਵੇ, ਤੁਸੀਂ ਉਸ ਨੂੰ ਇਹ ਖਿਆਲ ਦਿਉ ਕਿ ਤੈਨੂੰ ਕੋਈ ਪੀੜ ਨਹੀਂ ਹੋ ਰਹੀ, ਤਾਂ ਇਸ ਖਿਆਲ ਨੂੰ ਉਸ ਦਾ ਮਨ ਕਬੂਲ ਨਹੀਂ ਕਰ ਸਕੇਗਾ; ਏਸ ਗਲਤ ਪ੍ਰੇਰਨਾ ਦੇ ਕਾਰਨ ਉਸ ਦਾ ਸੁਚੇਤ ਮਨ ਸਗੋਂ ਵਧੀਕ ਉਸ ਦੀ ਪੀੜ ਨੂੰ ਚੇਤੇ ਕਰੇਗਾ ਤੇ ਤਕਲੀਫ ਘਟਣ ਦੇ ਥਾਂ ਵਧੇਗੀ।

ਮੁਕਦੀ ਗੱਲ ਇਹ ਹੈ ਕਿ 'ਸ੍ਵੈ-ਪ੍ਰੇਰਨਾ' ਦੇ ਅਸੂਲ ਦੇ ਦੋ ਹਿੱਸੇ ਹਨ -(੧) ਕਿਸੇ ਖਿਆਲ ਨੂੰ ਅਸਾਡੇ ਮਨ ਨੇ ਕਬੂਲ ਕਰ ਲੈਣਾ, (੨) ਉਹ ਖਿਆਲ ਸਾਡੇ ਜੀਵਨ ਦਾ ਹਿੱਸਾ ਬਣ ਜਾਣਾ। ਇਹ ਖਿਆਲ ਅਸਾਡੇ ਆਪਣੇ ਅੰਦਰੋਂ ਉੱਠੇ ਜਾਂ ਕਿਤੋਂ ਮਿਲੇ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਹਾਂ, ਕਈ ਵਾਰੀ ਤਾਂ ਇਹ ਹੁੰਦਾ ਹੈ ਕਿ ਅਸਾਡੀ ਆਪਣੀ ਮਰਜ਼ੀ ਜਾਂ ਚੋਣ ਤੋਂ ਬਿਨਾ ਹੀ ਅਸਾਨੂੰ ਸੁਤੇ ਹੀ ਕੋਈ ਪ੍ਰੇਰਨਾ ਮਿਲਦੀ ਹੈ ਅਤੇ ਕਈ ਵਾਰੀ ਅਸੀਂ ਆਪ ਕਿਸੇ ਖਿਆਲ ਨੂੰ ਚੁਣਦੇ ਹਾਂ ਅਤੇ ਚਾਹੁੰਦੇ ਹਾਂ ਕਿ ਇਹ ਖਿਆਲ ਅਸਾਡੇ 'ਅਚੇਤ ਮਨ' ਵਿਚ ਟਿਕ ਕੇ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਜਾਏ।

ਜੇ ਅਸਾਡਾ 'ਅਚੇਤ ਮਨ' ਕਿਸੇ ਖਿਆਲ ਨੂੰ ਕਬੂਲ ਕਰ ਲਏ ਤਾਂ ਉਹ ਸੁਤੇ ਹੀ ਆਪਣੇ ਆਪ ਅਮਲੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ। ਆਪਣੇ ਚੁਣੇ ਹੋਏ ਖਿਆਲਾਂ ਦੇ ਅਸਰ ਦੇ ਰਾਹ ਵਿਚ ਔਕੜ ਹੀ ਇਹ ਹੈ ਕਿ ਅਸਾਡੀ ਆਪਣੀ ਚੋਣ ਦਾ ਦਿੱਤਾ ਹੋਇਆ ਖਿਆਲ 'ਅਚੇਤ ਮਨ' ਨੂੰ ਕਿਵੇਂ ਪਰਵਾਨ ਹੋ ਸਕੇ।

ਹਰੇਕ ਖਿਆਲ ਵਿਚ ਜੋ ਅਸਾਡੇ ਮਨ ਵਿਚ ਉੱਠਦਾ ਹੈ, ਥੋੜਾ ਬਹੁਤ 'ਜਜ਼ਬਾ' (Emotion) ਜ਼ਰੂਰ ਹੁੰਦਾ ਹੈ। ਜਿਤਨਾ ਹੀ ਵਧੀਕ ਜਜ਼ਬਾ ਕਿਸੇ ਖਿਆਲ ਵਿਚ ਹੋਵੇ ਉਤਨਾ ਹੀ ਛੇਤੀ ਤੇ ਚੰਗੀ ਤਰ੍ਹਾਂ ਉਹ ਅਸਾਡੇ ਉਤੇ ਪਰਭਾਵ ਪਾ ਸਕਦਾ ਹੈ। ਜੇ ਕੋਈ ਮਨੁੱਖ ਕਦੇ ਬਹੁਤ ਡਰ ਜਾਏ ਤਾਂ ਉਸਦਾ ਅਸਰ ਕਈ ਵਾਰ ਸਾਰੀ ਉਮਰ ਨਹੀਂ ਜਾਂਦਾ।

ਕਿਸੇ ਨਵੇਂ ਖਿਆਲ ਦਾ ਅਸਾਡੇ 'ਅਚੇਤ ਮਨ' ਨੂੰ ਪਰਵਾਨ ਹੋਣਾ ਜਾਂ ਨਾ ਹੋਣਾ 'ਅਚੇਤ ਮਨ' ਦੇ ਪਹਿਲੇ ਬਣੇ ਸੁਭਾਵ ਉੱਤੇ ਨਿਰਭਰ ਰੱਖਦਾ ਹੈ। ਜੇ ਇਹ ਨਵਾਂ ਖਿਆਲ ਉਹੀ ਤਰੰਗ ਪੈਦਾ ਕਰ ਸਕੇ ਜਿਹੋ ਜਿਹੇ ਪਹਿਲਾਂ ਹੀ 'ਅਚੇਤ ਮਨ' ਵਿਚ ਮੌਜੂਦ ਹਨ, ਤਾਂ ਇਹ ਛੇਤੀ ਕਬੂਲ ਹੋ ਜਾਂਦਾ ਹੈ, ਨਹੀਂ ਤਾਂ ਰੱਦਿਆ ਜਾਂਦਾ ਹੈ।

(ਪੁਸਤਕ, ਬੁਰਾਈ ਦਾ ਟਾਕਰਾ, ਪ੍ਰਕਾਸ਼ਕ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਿਚੋਂ)

(ਚਲਦਾ)



'ਮੁਸ਼ਕਤ ਦਾ ਮੁਜੱਸਮਾਂ'

# ਭਾਈ ਗੁਰਮੇਜ ਸਿੰਘ ਜੀ

— ਇੰਦਰਜੀਤ ਸਿੰਘ ਗੋਗੋਆਣੀ

ਇਨਸਾਨ ਦੀ ਜ਼ਿੰਦਗੀ ਵਿਚ ਕਈ ਵਾਰ ਅਜਿਹਾ ਵੀ ਵਾਪਰ ਜਾਂਦਾ ਹੈ ਜੋ ਕਦੀ ਸੋਚਿਆ ਤਾਂ ਕੀ, ਸੁਪਨੇ ਵਿਚ ਵੀ ਜਿਸਦੀ ਕਲਪਨਾਂ ਨਾ ਕੀਤੀ ਹੋਵੇ। ਜ਼ਿਆਦਾਤਰ ਇਹੋ ਵਿਚਾਰ ਹੈ ਕਿ 'ਹਲ੍ਹ ਪੰਜਾਲ੍ਹੀ ਵਾਲਿਆਂ ਦੀ ਕੋਮਲ ਕਲਾਵਾਂ ਨਾਲ ਕੀ ਸਾਂਝ', ਕੁਦਰਤ ਦੇ ਕ੍ਰਿਸ਼ਮੇਂ ਅਜਿਹੇ ਹਨ। ਭਾਈ ਗੁਰਮੇਜ ਸਿੰਘ (ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਨੇ ਸ੍ਰ: ਪਰਸਾ ਸਿੰਘ ਦੇ ਘਰ 1940 ਈ: ਨੂੰ ਜਨਮ ਲਿਆ। ਇਹਨਾਂ ਦਾ ਪਿੰਡ ਵਜੀਦਪੁਰ (ਜਲੰਧਰ) ਹੈ। ਅਜੇ ਸੱਤ ਸਾਲ ਦੀ ਉਮਰ ਹੋਈ ਸੀ ਤਾਂ ਚੇਚਕ ਮਾਤਾ ਨਿਕਲੀ। ਬਹੁਤ ਇਲਾਜ ਕਰਵਾਉਣ ਦੇ ਬਾਵਜੂਦ ਵੀ ਭਾਈ ਸਾਹਿਬ ਦੀ ਅੱਖੀਆਂ ਦੀ ਜੋਤ ਜਾਂਦੀ ਰਹੀ। ਪਰਿਵਾਰ ਵਿਚ ਵੀ ਨਿਰਾਸ਼ਾ ਫੈਲ ਗਈ। ਆਮ ਤੌਰ ਤੇ ਸਾਡੇ ਸਮਾਜ ਵਿਚ ਇਹੋ ਸੋਚਿਆ ਜਾਂਦਾ ਹੈ ਕਿ ਨੇਤ੍ਰਹੀਣ ਬੱਚਾ ਆਪਣੀ ਜ਼ਿੰਦਗੀ ਕਿਸ ਤਰ੍ਹਾਂ ਬਤੀਤ ਕਰੇਗਾ। 'ਜਿਸ ਨੂੰ ਮਨੁੱਖ ਦੀ ਅਲਪ ਬੁੱਧੀ ਕੁਦਰਤ ਦੀ ਕਰੋਪੀ ਦਾ ਨਾਮ ਦਿੰਦੀ ਹੈ, ਉਸ ਵਿਚ ਬਖ਼ਸ਼ਿਸ਼ ਵੀ ਪੈਦਾ ਹੋ ਜਾਂਦੀ ਹੈ'। ਭਾਈ ਸਾਹਿਬ ਨੂੰ ਲੋਹੜੇ ਦੀ ਮਿੱਠੀ ਆਵਾਜ਼ ਬਖਸ਼ੀ ਤੇ ਇੰਨਾਂ ਕੁ ਗਿਆਨ ਬਖ਼ਸ਼ਿਆ ਕਿ ਉਹਨਾਂ ਨੇ ਨੇਤ੍ਰਹੀਣਾਂ ਲਈ ਗੁਰਬਾਣੀ ਪੜ੍ਹਨ ਤੇ ਕੰਠ ਕਰਨ ਦੀ ਸਹਾਇਤਾ ਹਿੱਤ ਗੁਰਬਾਣੀ ਦੀਆਂ ਪੰਜ ਪੋਥੀਆਂ ਆਪਣੀ ਨਿਗਰਾਨੀ ਹੇਠ 'ਬ੍ਰੇਲ ਲਿੱਪੀ' ਵਿਚ ਤਿਆਰ ਕਰਵਾਈਆਂ। ਪਿਛਲੇ ਦਿਨੀਂ ਉਹਨਾਂ ਨੂੰ ਮਿਲਣ ਦਾ ਮੌਕਾ ਮਿਲਿਆ, ਪੇਸ਼ ਹਨ ਗੱਲਬਾਤ ਦੇ ਕੁਝ ਅੰਸ਼ :

1. ਜਦ ਤੁਹਾਡੀ ਅੱਖੀਆਂ ਦੀ ਜੋਤ ਜਾਂਦੀ ਰਹੀ ਤਾਂ ਸੰਗੀਤ ਵੱਲ ਕਿਨ੍ਹਾਂ ਨੇ ਪ੍ਰੇਰਿਤ ਕੀਤਾ ?

—ਮੇਰੇ ਪਿਤਾ ਜੀ ਨੂੰ ਜਦੋਂ ਕੋਈ ਆਸ ਨਾ ਰਹੀ ਕਿ ਮੇਰੀ ਅੱਖੀਆ ਦੀ ਜੋਤ ਪਰਤੇਗੀ ਤਾਂ ਉਹ ਮੈਨੂੰ ਭਾਈ ਦਲ ਸਿੰਘ ਲਸਾੜਾ (ਫਿਲੌਰ) ਪਾਸ ਲੈ ਗਏ। ਉਹ ਸੰਗੀਤ ਦੇ ਮਾਹਿਰ ਸਨ। ਉਹਨਾਂ ਦੀ ਪ੍ਰੇਰਨਾਂ ਸਦਕਾ ਮੈਨੂੰ 1950 ਵਿਚ

'ਸੂਰਮਾ ਸਿੰਘ ਆਸ਼ਰਮ ਯਤੀਮਖਾਨੇ ਅੰਮ੍ਰਿਤਸਰ' ਦਾਖਲ ਕਰਵਾ ਦਿੱਤਾ।

2. ਇਥੇ ਕੀ-ਕੀ ਸਿੱਖਿਆ ਪ੍ਰਾਪਤ ਕੀਤੀ ?

ਇੱਥੇ ਮੈਂ ਪੂਰੇ ਸੱਤ ਸਾਲ ਗੁਜ਼ਾਰੇ। ਸੰਗੀਤ ਦੇ ਉਸਤਾਦ ਭਾਈ ਹਰਨਾਮ ਸਿੰਘ ਜੋਗੀ ਹੋਰਾਂ ਪਾਸੋਂ ਸੰਗੀਤ ਵਿੱਦਿਆ ਪ੍ਰਾਪਤ ਕੀਤੀ। ਬਰੇਲ ਲਿੱਪੀ ਸਤਵੀਂ ਜਮਾਤ ਤੱਕ ਪਾਸ ਕੀਤੀ। ਗੁਰਬਾਣੀ ਕੰਠ ਕੀਤੀ ਅਤੇ ਕੁਰਸੀਆਂ-ਮੰਜੀਆਂ ਬੁਨਣ ਦਾ ਕੰਮ ਵੀ ਸਿੱਖਿਆ।

3. ਫਿਰ ਜਥੇ ਦੇ ਰੂਪ ਵਿਚ ਕੀਰਤਨ ਕਰਨਾ ਕਦ ਸ਼ੁਰੂ ਕੀਤਾ ?

—ਗਿਆਨੀ ਸ਼ਮਸ਼ੇਰ ਸਿੰਘ ਜੀ ਮੈਨੂੰ ਗੁਰਦਵਾਰਾ ਨਾਨਕਸਰ ਵੇਰਕਾ (ਅੰਮ੍ਰਿਤਸਰ) ਲੈ ਗਏ। ਇੱਥੇ ਮੈਂ ਸੁਤੰਤਰ ਤੌਰ ਤੇ ਹੀ ਕੀਰਤਨ ਕਰਨਾ ਸ਼ੁਰੂ ਕੀਤਾ। ਇਥੇ ਦੋ ਸਾਲ ਗੁਜ਼ਾਰੇ।

4. ਇਸ ਤੋਂ ਬਾਅਦ ਕਿੱਥੇ-ਕਿੱਥੇ ਨੌਕਰੀ ਕੀਤੀ ?

– ਵੇਰਕਾ ਤੋਂ ਬਾਅਦ ਮੈਂ ਲਗਾਤਾਰ ਗਿਆਰਾਂ ਸਾਲ 'ਡੇਹਰਾਦੂਨ' ਵਿਖੇ ਸਰਵਿਸ ਕੀਤੀ। ਇਹ ਗੁਰਦੁਆਰਾ ਮਹਾਰਾਣੀ ਜੀ ਦੇ ਨਾਮ ਤੇ ਹੈ। ਇਕਾਂਤ ਜਗ੍ਹਾ ਹੋਣ ਕਰਕੇ ਸੰਗੀਤ ਅਤੇ ਗੁਰਬਾਣੀ ਖੇਤਰ ਵਿੱਚ ਕਾਫੀ ਤਰੱਕੀ ਕੀਤੀਆਂ। ਇਥੇ ਹੀ ਗੁਰਬਾਣੀ ਦੀਆਂ ਪੰਜ ਪੋਥੀਆਂ (ਬਰੇਲ ਲਿੱਪੀ ਵਿੱਚ) "ਆਸਾ ਦੀ ਵਾਰ, ਸੁਖਮਨੀ ਸਾਹਿਬ, ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ, ਭਗਤ ਬਾਣੀ, ਨਿੱਤਨੇਮ ਤੋਂ ਇਲਾਵਾ ਹੋਰ ਬਾਣੀਆਂ", ਤਿਆਰ ਕੀਤੀਆਂ। ਪਰੂਫ ਰੀਡਿੰਗ ਦਾ ਸਾਰਾ ਕੰਮ ਖੁਦ ਕੀਤਾ। ਅਕਾਲ ਪੁਰਖ ਦੀ ਕ੍ਰਿਪਾ ਨਾਲ ਹੀ ਇਹ ਪੰਜ ਪੋਥੀਆਂ ਸੰਪੂਰਨ ਹੋਈਆਂ। ਇਹਨਾਂ ਨਾਲ ਨੇਤ੍ਰਹੀਣਾਂ ਨੂੰ ਬਹੁਤ ਸਹਾਇਤਾ ਮਿਲੀ। ਪਹਿਲਾਂ ਉਹ ਗੁਰਬਾਣੀ ਕਿਸੇ ਸੁਜਾਖੇ ਤੋਂ ਸੁਣ ਕੇ ਕੰਠ ਕਰਦੇ ਸਨ। ਹੁਣ ਆਪਣੇ ਆਪ ਇਹਨਾਂ ਪੋਥੀਆਂ ਤੋਂ ਪਾਠ ਕਰਕੇ ਕੰਠ ਕਰ ਲੈਂਦੇ ਹਨ।

5. ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਕਦ ਆਏ ?

—1971 ਤੋਂ ਅਸੀਂ ਇਥੇ ਸੇਵਾ ਨਿਭਾ ਰਹੇ ਹਾਂ।

6. ਕਿੰਨੇ ਕੁ ਰਾਗਾਂ ਤੇ ਤਾਲਾਂ ਵਿਚ ਕੀਰਤਨ ਕਰ ਸਕਦੇ ਹੋ ?

—ਤਕਰੀਬਨ ਪੰਜਾਹ ਕੁ ਰਾਗਾਂ ਬਾਰੇ ਤਾਂ ਪੂਰਨ ਮੁਹਾਰਤ ਹੈ। ਜਿੱਥੋਂ ਤੱਕ ਤਾਲਾਂ ਹੀ ਗੱਲ ਹੈ, ਪ੍ਰਚੱਲਤ ਤਾਲਾਂ ਤੋਂ ਸਿਵਾ ਕਠਿਨ ਤਾਲਾਂ ਵਿਚ ਵੀ ਕੀਰਤਨ ਕਰਦੇ ਹਾਂ।

7. ਕੀ ਵਿਦੇਸ਼ਾਂ ਵਿਚ ਕੀਰਤਨ ਕਰਨ ਗਏ ਹੋ ?

—ਪਹਿਲਾਂ 1983 ਵਿਚ ਮੈਂ ਕੈਨੇਡਾ, ਅਮਰੀਕਾ ਤਕਰੀਬਨ ਨੌਂ ਮਹੀਨੇ ਲਗਾ ਕੇ ਆਇਆ ਹਾਂ। ਵਾਪਿਸ ਆਉਣ ਤੇ ਮੇਰਾ ਵਿਚਾਰ ਸੀ ਕਿ 'ਬ੍ਰੇਲ ਲਿੱਪੀ'

ਵਿੱਚ 'ਅੰਮ੍ਰਿਤ ਕੀਰਤਨ' ਤਿਆਰ ਕਰਵਾਵਾਂਗਾ। ਪਰ ਨੀਲਾ ਤਾਰਾ ਅਪਰੇਸ਼ਨ ਦੌਰਾਨ ਮੇਰੇ ਘਰ ਦਾ ਸਾਰਾ ਸਮਾਨ ਤਬਾਹ ਹੋ ਗਿਆ। ਆਰਥਿਕ ਮਜਬੂਰੀਆ ਕਰਕੇ ਇਹ ਟੀਚਾ ਪੂਰਾ ਨਹੀਂ ਹੋ ਸਕਿਆ। ਹੁਣ ਵੀ ਜੂਨ 90 ਵਿੱਚ ਕੈਨੇਡਾ ਇਕ ਸਾਲ ਲਗਾ ਕੇ ਆਏ ਹਾਂ।

8. ਕੋਈ ਗ੍ਰਾਮੋਫੋਨ ਜਾਂ ਟੇਪ ਤਿਆਰ ਕਰਵਾਇਆ ?

— ਅਸੀਂ ਆਪ ਕਿਸੇ ਕੰਪਨੀ ਵਿਚ ਨਹੀਂ ਗਏ ਪਰ ਵੈਨਕੂਵਰ (ਕੈਨੇਡਾ) ਵਿਚ 'ਸਤਿਨਾਮ ਟ੍ਰਸਟ' ਵਾਲਿਆਂ ਨੇ ਸਾਡੀਆਂ ਪੰਜਾਹ-ਸੱਠ ਦੇ ਕਰੀਬ ਕੈਸਟਾਂ ਪ੍ਰੋਗਰਾਮਾਂ ਤੋਂ ਤਿਆਰ ਕੀਤੀਆਂ ਹਨ। ਇਸੇ ਤਰ੍ਹਾਂ ਟਰਾਂਟੋ ਵਿੱਚ 'ਸ੍ਰ. ਨਿਰਮੋਲਕ ਸਿੰਘ ਢਿਲੋਂ' ਹੋਰਾਂ ਨੇ ਸਾਡੀਆਂ ਪੰਦਰਾਂ ਕੁ ਕੈਸਟਾਂ ਤਿਆਰ ਕੀਤੀਆਂ ਹਨ।

9. ਕੋਈ ਐਵਾਰਡ ਜਾਂ ਸਨਮਾਨ ਪੱਤਰ ?

– ਮਾਰਚ 1988 ਵਿਚ ਧਰਮ ਪ੍ਰਚਾਰ ਕਮੇਟੀ (ਚੀਫ ਖਾਲਸਾ ਦੀਵਾਨ ਅੰਮ੍ਰਿਤਸਰ) ਵੱਲੋਂ 'ਭਾਈ ਸੰਤਾ ਸਿੰਘ ਰਾਗੀ ਸ਼ਿਰੋਮਣੀ ਐਵਾਰਡ' ਅਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ)

10. ਕੀਰਤਨ ਬਾਰੇ ਤੁਹਾਡੇ ਆਪਣੇ ਵਿਚਾਰ ?

—ਕੀਰਤਨ ਪਿਆਰ ਸਤਿਕਾਰ ਨਾਲ ਮਨ ਨੀਵਾਂ ਕਰਕੇ ਕਰਨਾ ਚਾਹੀਦਾ ਹੈ। ਇਸ ਵਿਚ ਮਿਠਾਸ ਦਾ ਹੋਣਾ ਜ਼ਰੂਰੀ ਹੈ। ਇਸ ਲਈ ਲੰਮੇਂ ਅਭਿਆਸ ਅਤੇ ਰਿਆਜ਼ ਦਾ ਜ਼ਰੂਰਤ ਹੈ। ਦੁਕਾਨਾਂ ਤੇ ਕੈਸਟ ਰੂਪ ਵਿੱਚ ਵਿਕਣ ਵਾਲੇ ਸ਼ਬਦ ਜ਼ਿਆਦਾਤਰ ਸਿੱਧੀਆਂ ਧਾਰਨਾਂ ਤੇ ਸਰਲ ਤਾਲਾਂ ਵਿਚ ਹਨ। ਸੰਗੀਤ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਰਾਗ ਵਿੱਦਿਆ ਦੀ ਜ਼ਰੂਰਤ ਹੈ। ਮਜ਼ਬੂਤ ਨੀਹਾਂ ਤੇ ਉਸਰੀਆਂ ਇਮਾਰਤਾਂ ਦੀ ਹੀ ਲੰਮੀ ਉਮਰ ਹੁੰਦੀ ਹੈ।

11. ਤੁਹਾਡੇ ਜਥੇ ਦੇ ਬਾਕੀ ਮੈਂਬਰ ?

– ਮੇਰੇ ਨਾਲ ਸਮੇਂ-ਸਮੇਂ ਸਾਥੀ ਬਦਲਦੇ ਹੀ ਰਹੇ ਹਨ ਇਸ ਸਮੇਂ ਭਾਈ ਸੰਤੋਖ ਸਿੰਘ ਜੋੜੀ ਤੇ ਅਤੇ ਭਾਈ ਅਮਰਜੀਤ ਸਿੰਘ ਸਾਈਡ ਤੇ ਹੈ।

12. ਕੋਈ ਮਨ ਦੀ ਖ਼ਾਹਿਸ਼ ਅਧੂਰੀ ਰਹਿ ਗਈ ਹੋਵੇ ?

ਇਕੋ ਖ਼ਾਹਿਸ਼ ਬਾਕੀ ਹੈ ਕਿ ਬ੍ਰੇਲ ਲਿੱਪੀ ਵਿਚ ਨੇਤ੍ਰਹੀਣਾਂ ਦੀ ਸਹਾਇਤਾ ਲਈ 'ਅੰਮ੍ਰਿਤ ਕੀਰਤਨ' ਤਿਆਰ ਕਰਵਾ ਜਾਣਾ। ਇਹ ਬਜਟ ਵੱਡਾ ਹੈ। ਇਸ ਲਈ ਆਰਥਿਕ ਮਜਬੂਰੀਆਂ ਵੀ ਹਨ ਅਤੇ ਸਮਾ ਵੀ ਕਾਫੀ ਵਿਹਲਾ ਚਾਹੀਦਾ ਹੈ। ਇਕ ਕਿਸੇ ਪੜ੍ਹੇ ਲਿਖੇ ਸੁਜਾਖੇ ਸੱਜਣ ਦੀ ਵੀ ਇਸ ਲਈ ਜ਼ਰੂਰਤ ਹੈ ਜੋ ਸੇਵਾ ਭਾਵਨਾਂ ਨਾਲ ਇਸ ਕੰਮ ਵਿਚ ਸਾਥ ਦੇਵੇ। ਕੋਸ਼ਿਸ਼ ਕਰ ਰਿਹਾ ਹਾਂ, ਅਕਾਲਪੁਰਖ ਉਦਮ ਬਖਸ਼ੇ, ਮੈਂ ਨਿਮਾਣਾ ਇਹ ਸੇਵਾ ਪੂਰੀ ਕਰ ਜਾਵਾਂ

(ਬਾਕੀ ਦੇਖੋ ਸਫਾ 24 ਤੇ)

# ਸੁਰ ਲਿਪੀ ਤੇ ਚਿੰਨ੍ਹ

## ਤਿੰਨ ਸਪਤਕਾਂ ਸ਼ੁੱਧ ਸੁਰ

| ਮੰਦਰ ਸਪਤਕ | ਮੱਧ ਸਪਤਕ | ਤਾਰ ਸਪਤਕ |
| --- | --- | --- |
| ਸ਼ ਰ਼ ਗ਼ ਮ਼ ਪ਼ ਧ਼ ਨ਼ | ਸ ਰ ਗ ਮ ਪ ਧ ਨ | ਸਂ ਰਂ ਗਂ ਮਂ ਪਂ ਧਂ ਨਂ |

ਕੋਮਲ ਤੇ ਤੀਬਰ ਸੂਰ (ਤੀਬਰ ਮ ਨਿਸ਼ਾਨ)

| ਮੰਦਰ ਸਪਤਕ | ਮੱਧ ਸਪਤਕ | ਤਾਰ ਸਪਤਕ |
| --- | --- | --- |
| ਰੁ. ਗੁ. ਮ਼ ਧੁ. ਨੁ. | ਰੁ ਗੁ ਮ ਧੁ ਨੁ | ਰੁਂ ਗੁਂ ਮਂ ਧੁਂ ਨੁਂ |

| | |
| --- | --- |
| ਪ — — | ਪੰਚਮ ਦੇ ਅਗੇ ਤਿੰਨ ਇਸ ਤਰ੍ਹਾਂ (—) ਨਿਸ਼ਾਨ ਹੋਣ ਇਹ ਪੰਚਮ ਦੀ ਹੀ ਆਵਾਜ਼ ਹੋਵੇਗੀ। ਇਹ ਸਤਾਂ ਹੀ ਸੁਰਾਂ ਵਿਚ ਇਹੋ ਹੀ ਹਿਸਾਬ ਹੋਵੇਗਾ। |
| ਆ S S | ਇਹ ਆ ਦੀ ਆਵਾਜ਼ ਹੀ ਸਮਝਣੀ ਹੈ। ਹਰ ਅੱਖਰ ਦੀ ਆਵਾਜ਼ ਜਿੰਨੇ ਨਿਸ਼ਾਨ S S ਲਗੇ ਹੋਣ. ਉਂਨੀਆਂ ਮਾਤਰਾਂ ਤੇ ਓਹੋ ਹੀ ਅੱਖਰ ਦੀ ਆਵਾਜ਼ ਰਹੇਗੀ। |
| * * | (ਸ) ਇਹ ਚੁੱਪ ਰਹਿਣ ਦਾ ਨਿਸ਼ਾਨ ਹੈ (ਸਿਰਫ ਸਾਜ਼ ਹੀ * ਵਜਉਣੇ ਹਨ) |
| ਨਧਨਸਂ (‿) | ‿ ਇਹ ਇਕ ਮਾਤਰ ਵਿਚ ਜਿੰਨੇ ਅੱਖਰ ਹੋਣ ਇਹ ਨਿਸ਼ਾਨ ਹੈ। |
| ਰ<br>ਮ | ਇਸ ਨੂੰ ਕਣ ਆਖਿਆ ਜਾਂਦਾ ਹੈ, ਪਹਿਲੇ ਰਿਸ਼ਬ ਮਾਮੂਲੀ ਲਗੇਗੀ ਫਿਰ ਮੱਧਮ ਪੂਰੀ ਸੁਰ ਲਗਣੀ ਹੈ। |
| ਸ — — — — — — | ਪਹਿਲੇ ਸੂਰ ਹਨ, ਫਿਰ ਅੱਖਰ ਹਨ ਅਤੇ ਫਿਰ ਜੋ ਅਖੀਰਲੇ |
| ਸ ਤਿ ਗੁ ਰੁ S S S | ਅੱਖਰ ਦੀ ਆਵਾਜ਼ ਹੈ ਉਹ ਹੀ ਅਗਲੀਆਂ ਮਾਤਰਾਂ ਰਹਿਣੀ ਹੈ। |
| ਪਮ, ਗ (‿) | ਅਧੇ-ਮਾਤਰੇ ਵਿਚ ਪਮ ਤੇ ਅਧੇ ਮਾਤਰੇ ਵਿਚ ਗ ਹੈ। |

| | |
|---|---|
| —ਗਮ | ਪਹਿਲੇ ਅਧੇ-ਮਤਰੇ ਵਿਚ ਮਾਤਰ ਦੀ ਪਿਛਲੀ ਸੁਰ ਹੋਏਗੀ ਅਤੇ ਅਗਲੇ ਅਧੇ-ਮਾਤਰੇ ਵਿਚ ਗਮ ਹੋਏਗਾ। |
| ⌒ | ਮੀਂਡ ਦਾ ਨਿਸ਼ਾਨ |

ਇਹ ਦਸ ਠਾਠ ਹਨ :

(1) ਕਲਿਆਣ ਠਾਠ (2) ਬਿਲਾਵਲ ਠਾਠ (3) ਖਮਾਜ ਠਾਠ (4) ਭੈਰਵ ਠਾਠ
(5) ਭੈਰਵੀ ਠਾਠ (6) ਆਸਾਵਰੀ ਠਾਠ (7) ਟੋਡੀ ਠਾਠ (8) ਪੂਰਵੀ ਠਾਠ
(9) ਮਾਰਵਾ ਠਾਠ (10) ਕਾਫੀ ਠਾਠ

ਔੜਵ ਜਾਤ, ਜਾਤ ਦਾ ਭਾਵ ਰਾਗ ਦੀ ਕਿਸਮ ਹੈ (ਔਵੜ) ਪੰਜ ਸੁਰਾਂ ਦਾ ਰਾਗ

| | |
|---|---|
| ਖੌੜਵ | ਛੇ ਸੁਰਾਂ ਦਾ ਰਾਗ । |
| ਸੰਪੂਰਣ | ਸੱਤ ਸੁਰਾ ਦਾ ਰਾਗ। |
| ਔੜਵ–ਖੌੜਵ | ਆਰੋਹੀ ਪੰਜ ਸੁਰਾਂ ਤੇ ਅਵਰੋਹੀ ਛੇ ਸੁਰਾਂ ਦਾ ਰਾਗ। |
| ਖੌੜਵ-ਔੜਵ | ਆਰੋਹੀ ਛੇ ਸੁਰਾਂ ਤੇ ਅਵਰੋਹੀ ਪੰਜ ਸੁਰਾਂ ਦਾ ਰਾਗ। |
| ਔੜਵ-ਸੰਪੂਰਣ | ਆਰੋਹੀ ਪੰਜ ਸੁਰਾਂ ਤੇ ਅਵਰੋਹੀ ਸੱਤ ਸੁਰਾਂ ਦਾ ਰਾਗ। |
| ਖੌੜਵ-ਸੰਪੂਰਣ | ਆਰੋਹੀ ਛੇ ਸੁਰਾਂ ਤੇ ਅਵਰੋਹੀ ਸੱਤ ਸੁਰਾਂ ਦਾ ਰਾਗ। |
| ਸੰਪੂਰਣ-ਔੜਵ | ਆਰੋਹੀ ਸੱਤ ਸੁਰਾਂ ਤੇ ਅਵਰੋਹੀ ਪੰਜ ਸੁਰਾਂ ਦਾ ਰਾਗ। |
| ਸੰਪੂਰਣ-ਖੌੜਵ | ਆਰੋਹੀ ਸੱਤ ਸੁਰਾਂ ਤੇ ਅਵਰੋਹੀ ਛੇ ਸੁਰਾਂ ਦਾ ਰਾਗ। |

ਬਸੰਤ ਬਾਣੀ ਭਗਤਾਂ ਦੀ ॥ ਕਬੀਰ ਜੀ ॥ ਘਰ ॥੧॥ (੧੧੯੩)

ਮਉਲੀ ਧਰਤੀ ਮਉਲਿਆ ਆਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥
ਰਾਜਾ ਰਾਮੁ ਮਉਲਿਆ ਅਨਤ ਭਾਇ ॥ ਜਹ ਦੇਖਉ ਤਹ ਰਹਿਆ ਸਮਾਇ ॥੧॥ਰਹਾਉ॥
ਦੁਤੀਆ ਮਉਲੇ ਚਾਰਿ ਬੇਦਿ ॥ ਸਿਮ੍ਰਿਤਿ ਮਉਲੀ ਸਿਉ ਕਤੇਬ ॥੨॥
ਸੰਕਰੁ ਮਉਲਿਓ ਜੋਗ ਧਿਆਨ ॥ ਕਬੀਰ ਕੋ ਸੁਆਮੀ ਸਭ ਸਮਾਨ ॥੩॥

ਤਾਲ : ਸੂਲਫਾਕ ਤਬਲੇ ਦੇ ਬੋਲ

| ਮਾਤ੍ਰਾ | | | | | | | | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਠੇਕਾ ਪਹਿਲਾ | | | | | | | | | |
| ਧਾ | ਤ੍ਰਿਕੜ | ਧਿੰ | ਨਾ | ਕ | ਤੀ | ਧਾ | ਧਾ | ਤਿੰ | ਨਾ |
| ਠੇਕਾ ਦੂਜਾ | | | | | | | | | |
| ਧਾ | ਧਾ | ਦੀਂ | ਨਾ | ਕਿਟ | ਧਾ | ਤਿਟ | ਕਤਾ | ਗਿਦੀ | ਗਨ |
| ਚਿੰਨ੍ਹ | | | | | | | | | |
| X | | O | | 2 | | 3 | | O | |

ਚਾਰ : ਤਾਲ

| ਮਾਤ੍ਰਾ | | | | | | | | | | | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| ਠੇਕਾ ਪਹਿਲਾ | | | | | | | | | | | |
| ਧੀਂ | ਧੀਂ | ਧਾਗੇ | ਤ੍ਰਿਕੜ | ਤਿੰ | ਨਾ | ਤਿੰ | ਤਿੰ | ਧਾਗੇ | ਤ੍ਰਿਕੜ | ਧੀਂ | ਨਾ |
| ਠੇਕਾ ਦੂਜਾ | | | | | | | | | | | |
| ਧਾ | ਧਾ | ਦਿੰ | ਤਾ | ਕ | ਤਾ | ਦਿੰ | ਤਾ | ਤਿਟ | ਕਤਾ | ਗਿਦੀ | ਗਿਨ |
| ਚਿੰਨ੍ਹ | | | | | | | | | | | |
| X | | O | | 2 | | O | | 3 | | 4 | |

(ਸਫਾ 21 ਦੀ ਬਾਕੀ)

13. ਹੋਰ ਵਿਚਾਰ ?

— ਬੱਸ ਇਹੋ ਹਨ ਕਿ ਸਿੰਘ ਸਭਾਵਾਂ, ਸੰਪਰਦਾਵਾਂ, ਧਰਮ ਪ੍ਰਚਾਰ ਕਮੇਟੀਆਂ, ਜਾਂ ਹੋਰ ਸੰਸਥਾਵਾਂ ਨੂੰ ਕੀਰਤਨੀਏਂ ਸਿੰਘਾਂ ਦਾ ਪੂਰਨ ਸਤਿਕਾਰ ਕਰਨਾ ਚਾਹੀਦਾ ਹੈ। ਜ਼ਿੰਦਗੀ ਦੀਆਂ ਲੋੜਾਂ ਤਾਂ ਸਭਨਾਂ ਦੀਆਂ ਬਰਾਬਰ ਹਨ। ਆਮ ਤੌਰ ਤੇ ਸਾਡੀਆਂ ਜੀਵਨ ਲੋੜਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ।

ਦੂਜੀ ਗੱਲ ਕੀਰਤਨੀਏਂ ਸਿੰਘਾਂ ਨੂੰ ਵੀ ਆਪਣਾ ਮਾਣ ਸਤਿਕਾਰ ਬਰਕਰਾਰ ਰੱਖਣ ਲਈ ਕਿਸੇ ਨੂੰ ਉਂਗਲੀ ਉਠਾਉਣ ਦਾ ਮੌਕਾ ਨਹੀਂ ਦੇਣਾ ਚਾਹੀਦਾ। ਅਸੀਂ ਤਾ ਹੀ ਆਪਣੇ ਖੇਤਰ ਵਿਚ ਸਫ਼ਲ ਹੋ ਸਕਦੇ ਹਾਂ। — 0 —

## ਰਾਗ ਬਸੰਤ ਸੁਰ ਲਿਪੀ

| X | | O | | 2 | | 3 | | O | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਅਸਥਾਈ ਸੂਲਫਾਕ | | | | | | | | | |
| ਰੰ | — | ਸੰ | — | ਨ | ਨ | ਸੰ | — | — | — |
| ਮ | ਉ | ਲੀ | S | ਧ | ਰ | ਤੀ | S | S | S |
| ਸੰ | ਸੰ | ਨ | ਧ | ਨ | — | ਧ | — | — | — |
| ਮ | ਉ | ਲਿਆ | ਆ | ਕਾ | S | ਸੁ | S | S | S |
| ਮ | ਮ | ਪ | ਮ | ਗ | ਗ | ਰ | — | ਸ | — |
| ਘ | ਟਿ | ਘ | ਟਿ | ਮਉ | ਲਿ | ਆ | S | ਆ | S |
| ਸੰ | ਸੰ | ਨ | ਧ | ਨ | — | ਧ | — | — | — |
| ਤ | ਮ | ਪ | ਰ | ਗਾ | S | ਸੁ | S | S | S |
| ਅੰਤਰਾ (੧) ਸੂਲਫਾਕ | | | | | | | | | |
| ਸੰ | ਸੰ | ਸੰ | ਰੰ | ਗੰ | ਗੰ | ਮੰ | — | — | — |
| ਰਾ | ਜਾ | ਰਾ | ਮੁ | ਮਉ | ਲਿ | ਆ | S | S | S |
| ਮੰ | — | ਗੰ | ਰੰ | ਗੰ | ਰੰ | ਸੰ | — | — | — |
| ਅ | S | ਨ | ਤ | ਭਾ | S | ਇ | S | S | S |
| ਗੰ | ਗੰ | ਰੰ | ਸੰ | ਨ | — | ਸੰ | | — | — |
| ਜ | ਹ | ਦੇ | S | ਖਉ | S | ਤਹ | S | S | S |
| ਸੰ | ਸੰ | ਨ | ਧ | ਨ | — | ਧ | — | — | — |
| ਰਹਿ | ਆ | S | ਸ | ਮਾ | S | ਇ | S | S | S |
| ਮ | ਮ | ਪ | ਮ | ਗ | ਗ | ਰ | — | ਸ | — |
| ਘ | ਟਿ | ਘ | ਟਿ | ਮਉ | ਲਿ | ਆ | S | ਆ | S |

ਅੰਤਰਾ (੨) ਚਾਰ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਮ | — | — | ਧ | — | ਨ | ਸੰ | — | — | ਸੰ | — | — |
| ਦੁ | S | S | ਤੀ | S | ਆ | ਮਉ | S | S | ਲੇ | S | S |
| ਸੰ | — | — | ਸੰ | — | ਨ | ਨ | — | — | ਧ | ਪ | ਮ |
| ਚਾ | S | S | ਰਿ | S | S | ਬੇ | S | S | ਦਿ | S | S |

ਸੂਲਫਾਕ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਗੰ | — | ਰੰ | ਸੰ | ਨ | — | ਸੰ | — | — | — |
| ਜਿ | S | ਮ੍ਰਿ | ਤਿ | ਮ | ਉ | ਲੀ | S | S | S |
| ਸੰ | — | ਨ | ਧ | ਨ | — | ਧ | — | — | — |
| ਜਿ | S | ਉ | ਕ | ਤੇ | S | ਬ | S | S | S |
| ਮ | ਮ | ਪ | ਮ | ਗ | ਗ | ਰ | — | ਸ | — |
| ਘ | ਟਿ | ਘ | ਟਿ | ਮਉ | ਲਿ | ਆ | S | ਆ | S |

# ਰਾਗ ਬਸੰਤ (ਪੁਰਾਤਨ)

— ਹਰਿਭਜਨ ਸਿੰਘ

ਵਾਦੀ : ਸਂ

ਸੰਵਾਦੀ : ਮ

ਸਮਾਂ : ਹਰ ਵੇਲੇ ਬਸੰਤ ਰੁੱਤ ਵਿਚ

ਜਾਤ : ਔਡਵ ਸੰਪੂਰਣ

ਆਰੋਹ : ਸ ਗ ਮ ਧ ਨ ਸਂ

ਅਵਰੋਹ : ਸਂ ਨ ਧ ਪ ਮ ਗ ਰ ਸ

**ਪਕੜ** : ਸ ਮ, ਪ ਗ ਮ, ਧ ਨ ਸਂ, ਨ ਧ, ਮ ਧ ਨ ਸਂ

ਰਾਗ ਬਸੰਤ ਨੂੰ ਕਈ ਤਰ੍ਹਾਂ ਨਾਲ ਗਾਇਆ ਜਾ ਸਕਦਾ ਹੈ, ਦਾਸ ਨੇ ਬਚਪਨ ਵਿਚ ਜੋ ਅਪਨੇ ਉਸਤਾਦ ਜੀ ਗਿਆਨੀ ਮਿਹਰ ਸਿੰਘ ਬਰਮਾ ਨਿਵਾਸੀ (ਜਿਨ੍ਹਾਂ ਨੇ ਪੰਡਿਤ ਨੱਥੂ ਰਾਮ ਜੀ ਤਰਨਤਾਰਨੀ ਤੋਂ ਸਿੱਖਿਆ ਪ੍ਰਾਪਤ ਕੀਤੀ) ਪਾਸੋਂ ਸਿਖਿਆ ਸੀ ਉਹ ਇਸ ਸ਼ਬਦ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਜਾਂਦਾ ਹੈ ।

ਬਸੰਤ ਮ: ੯ (੧੧੮੬)

ਮਾਈ ਮੈ ਧਨੁ ਪਾਇਓ ਹਰਿ ਨਾਮੁ ।।
ਮਨੁ ਮੇਰੋ ਧਾਵਨ ਤੇ ਛੂਟਿਓ, ਕਰਿ ਬੈਠੋ ਬਿਸਰਾਮੁ ।।੧।।ਰਹਾਉ।।
ਮਾਇਆ ਮਮਤਾ ਤਨ ਤੇ ਭਾਗੀ, ਉਪਜਿਓ ਨਿਰਮਲ ਗਿਆਨ ।।
ਲੋਭ ਮੋਹ ਇਹ ਪਰਸਿ ਨ ਸਾਕਹਿ, ਗਹੀ ਭਗਤਿ ਭਗਵਾਨ ।।੧।।
ਜਨਮ ਜਨਮ ਕਾ ਸੰਸਾ ਚੂਕਾ, ਰਤਨੁ ਨਾਮੁ ਜਬ ਪਾਇਆ ।।
ਤ੍ਰਿਸਨਾ ਸਕਲ ਬਿਨਾਸੀ ਮਨ ਤੇ, ਨਿਜ ਸੁਖ ਮਾਹਿ ਸਮਾਇਆ ।।੨।।
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ, ਸੋ ਗੋਬਿੰਦ ਗੁਨ ਗਾਵੈ ।।
ਕਹੁ ਨਾਨਕ ਇਹ ਬਿਧਿ ਕੀ ਸੰਪੈ, ਕੋਊ ਗੁਰਮੁਖਿ ਪਾਵੈ ।।੩।।

ਤਾਲ : ਤ੍ਰਿੰਨ ਤਾਲ — ਤਬਲੇ ਦੇ ਬੋਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| X | | | | 2 | | | | O | | | | 3 | | | |

## ਸੁਰ ਲਿਪੀ ਰਾਗ ਬਸੰਤ (ਪੁਰਾਤਨ)

| × | | | | 2 | | | | O | | | | 4 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਅਸਥਾਈ | | | | | ਸਂ | ਸਂ | ਨ | ਸਂ | ਰਂ | ਸਂ | ਨ | ਧ | — | ਮ | ਧ |
| | | | | | ਮਾ | ਈ | ਮੈ | ਧ | ਨੁ | ਪਾ | ਇ | ਓ | S | ਹ | ਰਿ |
| ਨ | — | ਸਂ | — | — | ਸਂ | ਸਂ | ਨ | ਸਂ | ਰਂ | ਸਂ | ਨ | ਧ | — | ਮ | ਧ |
| ਨਾ | S | ਮੁ | S | S | ਮਾ | ਈ | ਮੈ | ਧ | ਨੁ | ਪਾ | ਇ | ਓ | S | ਹ | ਰਿ |
| ਨ | ਸਂ | ਨ | ਧ | ਪ | ਮ | — | — | | ਮ | ਮ | ਮ | ਮ | — | ਪ | ਮ |
| ਨਾ | S | S | S | ਮੁ | S | S | S | S | ਮ | ਨੁ | ਮੇ | ਰੋ | S | ਧਾ | S |
| ਗ | ਗ | ਮ | ਗ | ਰ | ਸ | ਸ | — | — | ਗਂ | ਗਂ | ਮਂ | ਗਂ | ਰਂ | ਸਂ | ਨ |
| ਵ | ਨ | ਤੇ | S | ਛੂ | ਟਿ | ਓ | S | S | ਕ | ਰਿ | ਬੈ | ਠੋ | S | ਬਿ | ਸ |
| ਸਂ | ਰਂ | ਸ | ਨ | ਧ | | | | | | | | | | | |
| ਰਾ | S | S | S | ਮੁ | | | | | | | | | | | |
| ਅੰਤਰਾ | | | | | | | | | ਮ | ਮ | ਮ | ਧ | ਧ | ਨ | — |
| | | | | | — | — | — | — | ਮਾ | ਇ | ਆ | ਮ | ਮ | ਤਾ | S |
| ਸਂ | ਸਂ | ਸਂ | — | ਸਂ | — | ਸਂ | — | — | ਸਂ | ਸਂ | ਸਂ | ਨ | ਨ | ਧ | ਧ |
| ਤ | ਨ | ਤੇ | S | ਭਾ | S | ਗੀ | S | S | ਉ | ਪ | ਜਿਓ | ਨਿ | ਰ | ਮ | ਲ |
| ਨ | — | — | — | ਧ | ਪ | ਮ | — | — | ਮ | ਮ | ਮ | ਮ | — | ਪ | ਗ |
| ਗਿਆ | S | S | S | S | S | ਨ | S | S | ਲੋ | ਭ | ਮੋ | ਹ | S | ਇ | ਹ |
| ਮ | ਮ | ਧ | ਧ | ਨ | — | ਸਂ | ਸਂ | — | ਗਂ | ਗਂ | ਮਂ | ਗਂ | ਰਂ | ਸਂ | ਨ |
| ਪ | ਰ | ਸਿ | ਨ | ਸਾ | S | ਕ | ਹਿ | S | ਗ | ਹੀ | ਭ | ਗ | ਤਿ | ਭ | ਗ |
| ਸਂ | ਰਂ | ਸਂ | ਨ | ਧ | | | | | | | | | | | |
| ਵਾ | S | S | S | ਨ | | | | | | | | | | | |

### ਬਸੰਤ ਰਾਗਨੀ ਕਾ ਲਖਨ ॥ ਦੋਹਰਾ ॥

ਰਿਤੁ ਬਸੰਤ ਸਦ ਗਾਈਐ ਸੁੱਧ ਕੀਨ ਸੰਕੀਰਨ ਜਾਤ ।
ਮਲਾਰ ਬਿਲਾਵਲ ਸਾਰੰਗ ਨਟ ਦਿਵਗਰੀ ਮਿਲਾਤ ॥੩॥

(ਗੁਰਮਤ ਸੰਗੀਤ 'ਰਤਨ ਸੰਗੀਤ ਭੰਡਾਰ' ਕ੍ਰਿਤ ਰਾਗ ਮਾਸਟਰ ਭਾਈ ਪ੍ਰੇਮ ਸਿੰਘ ਜੀ ਵਿਚੋਂ ਧੰਨਵਾਦ ਸਹਿਤ ਛਾਪਿਆ ਗਿਆ)

ਨੋਟ :- ਉਪਰੋਕਤ ਦੋਹਰੇ ਤੋਂ ਇਹ ਸਿੱਧ ਹੁੰਦਾ ਹੈ ਕਿ ਪੁਰਾਤਨ ਸਮੇਂ ਵਿਚ ਗਾਏ ਜਾਣ ਵਾਲੇ ਰਾਗ ਬਸੰਤ ਦੇ ਇਕ ਪ੍ਰਕਾਰ ਵਿਚ ਮਲਾਰ, ਬਿਲਾਵਲ, ਸਾਰੰਗ, ਨਟ ਅਤੇ ਦੇਵਗਿਰੀ ਰਾਗਾਂ ਦਾ ਮਿਸਰਣ ਵੀ ਹੁੰਦਾ ਸੀ । ਜਿਸ ਵਿਚ ਰਾਗ ਬਿਲਾਵਲ ਜ਼ਿਆਦਾ ਪ੍ਰਭਾਵਸ਼ਾਲੀ ਦਿਖਾਈ ਦਿੰਦਾ ਸੀ ਜਿਸ ਕਾਰਣ ਇਸ ਪ੍ਰਕਾਰ ਦੇ ਰਾਗ ਬਸੰਤ ਦਾ ਠਾਠ ਬਿਲਾਵਲ ਮੰਨ ਲੈਣਾ ਯੋਗ ਹੈ ।

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਬਸੰਤੁ ਮਹਲਾ ੯ ॥
ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥

Basant 9th Guru.

O mother, I have attaine the wealth of God's Name.

My mind has ceased to wander, and has laid down to rest. Pause.

ਬਸੰਤ ਨੌਵੀਂ ਪਾਤਸ਼ਾਹੀ।

ਹੇ ਮਾਤਾ ! ਮੈਨੂੰ ਹਰੀ ਦੇ ਨਾਮ ਦੀ ਦੌਲਤ ਪਰਾਪਤ ਹੋ ਗਈ ਹੈ।
ਮੇਰਾ ਮਨੂਆ ਭਟਕਣ ਤੋਂ ਖ਼ਲਾਸੀ ਪਾ ਗਿਆ ਹੈ ਅਤੇ ਆਰਾਮ ਨਾਲ ਬਹਿ ਗਿਆ ਹੈ। ਠਹਿਰਾਉ।

ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥

The love of riches has fled from my body. and the immaculate. Divine knowledge has welled up within me.

ਧਨ-ਦੌਲਤ ਦਾ ਮੋਹ ਮੇਰੇ ਸਰੀਰ ਤੋਂ ਦੌੜ ਗਿਆ ਹੈ ਅਤੇ ਪਵਿਤ੍ਰ ਬ੍ਰਹਮ ਵੀਚਾਰ ਮੇਰੇ ਅੰਦਰ ਉਤਪੰਨ ਹੋ ਗਈ ਹੈ।

ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥

Avarice and worldly love those can touch me not. I have firmly grasped the Illustrious Lord's meditat on.

ਲਾਲਚ ਤੇ ਸੰਸਾਰੀ ਮਮਤਾ, ਇਹ ਮੈਨੂੰ ਛੂਹ ਨਹੀਂ ਸਕਦੀਆਂ। ਮੈਂ ਕੀਰਤੀਮਾਨ ਪ੍ਰਭੂ ਦੀ ਬੰਦਗੀ ਘੁਟ ਕੇ ਫੜ ਲਈ ਹੈ।

ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥

When I acquired the jewel of Name, my fear of continual births was dispelled.

My mind was rid of all desire, and I was absorbed in my own bliss.

ਜਦ ਮੈਨੂੰ ਨਾਮ ਦਾ ਜਵੇਹਰ ਪਰਾਪਤ ਹੋ ਗਿਆ, ਤਾਂ ਮੇਰਾ ਲਗਾਤਾਰ ਜਨਮਾਂ ਦਾ ਡਰ ਨਵਿਰਤ ਹੋ ਗਿਆ।

ਮੇਰਾ ਮਨੂਆ ਸਮੂਹ ਖਾਹਿਸ਼ਾਂ ਤੋਂ ਖਲਾਸੀ ਪਾ ਗਿਆ ਅਤੇ ਮੈਂ ਆਪਣੀ ਨਿਜ ਦੀ ਖੁਸ਼ੀ ਅੰਦਰ ਲੀਨ ਹੋ ਗਿਆ।

ਜਾਂਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥

He, unto whom God, the Treasure of compassion, becomes merciful, he alone hymns the praise of the World-Lord.

ਜਿਸ ਉਤੇ ਰਹਿਮਤ ਦਾ ਖ਼ਜ਼ਾਨਾ, ਹਰੀ ਮਇਆਵਾਨ ਹੁੰਦਾ ਹੈ, ਕੇਵਲ ਉਹ ਹੀ ਸ੍ਰਿਸ਼ਟੀ ਦੇ ਸੁਆਮੀ ਦਾ ਜੱਸ ਗਾਇਨ ਕਰਦਾ ਹੈ।

ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥
Says Nanak, some rare one gathers this sort of wealth, by the Guru's grace.
ਗੁਰੂ ਜੀ ਆਖਦੇ ਹਨ, ਕੋਈ ਵਿਰਲਾ ਜਣਾ ਹੀ ਇਸ ਕਿਸਮ ਦੀ ਦੌਲਤ ਨੂੰ ਗੁਰਾਂ ਦੀ ਦਇਆ ਦੁਆਰਾ, ਪਰਾਪਤ ਕਰਦਾ ਹੈ ।

ਬਸੰਤੁ ਬਾਣੀ ਭਗਤਾਂ ਕੀ ॥ ਕਬੀਰ ਜੀ ॥ ਘਰੁ ੧

ੴ ਸਤਿਗੁਰ ਪ੍ਰਸਾਦਿ ॥
ਮਉਲੀ ਧਰਤੀ ਮਉਲਿਆ ਅਕਾਸੁ ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥

Basant Hymns of the saints. Kabir ji.
There is but One God. By the True Guru's grace, He is obtained.
The earth is in bloom, and in bloom is the sky.
Every heart has flowered by the Lord's Light.
ਬਸੰਤ ਸੰਤਾਂ ਦੇ ਸ਼ਬਦ । ਕਬੀਰ ਜੀ ।
ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਜ਼ਮੀਨ ਖਿੜਾਉ ਵਿਚ ਹੈ ਅਤੇ ਖਿੜਾਉ ਵਿਚ ਹੈ ਆਸਮਾਨ ।
ਪ੍ਰਭੂ ਦੇ ਪਰਕਾਸ਼ ਦੁਆਰਾ ਹਰ ਦਿਲ ਪ੍ਰਫੁੱਲਤ ਹੋਇਆ ਹੈ ।
ਮੇਰਾ ਪ੍ਰਭੂ, ਪਾਤਿਸ਼ਾਹ ਅੰਤ-ਰਹਿਤ ਤਰੀਕਿਆਂ ਨਾਲ ਪ੍ਰਸੰਨ ਹੋ ਰਿਹਾ ਹੈ ।

ਰਾਜਾ ਰਾਮੁ ਮਉਲਿਆ ਅਨਤ ਭਾਇ ॥
ਜਹ ਦੇਖਉ ਤਹ ਰਹਿਆ ਸਮਾਇ ॥੧॥ ਰਹਾਉ ॥

My Lord, the King, is rejoicing in endless ways.
Whithersoever I see, thither He is bontained. Pause.
ਜਿਥੇ ਕਿਤੇ ਭੀ ਮੈਂ ਵੇਖਦਾ ਹਾਂ ਉਥੇ ਹੀ ਉਹ ਰਮਿਆ ਹੋਇਆ ਹੈ । ਠਹਿਰਾਉ ।

ਦੁਤੀਆ ਮਉਲੇ ਚਾਰਿ ਬੇਦ ॥
ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨ ।

The four Vedas rejoice in duality.
So are rejocing the Simirtis, together with the Muslim religious books.
ਚਾਰੇ ਹੀ ਵੇਦ ਦਵੈਤ ਭਾਵ ਅੰਦਰ ਖੁਸ਼ ਹੋ ਰਹੇ ਹਨ ।
ਏਸੇ ਤਰ੍ਹਾਂ ਹੀ ਖੁਸ਼ ਹੋ ਰਹੀਆਂ ਹਨ ਸਿਮ੍ਰਤੀਆਂ ਮੁਸਲਮਾਨੀ ਧਾਰਮਕ ਪੁਸਤਕ ਸਮੇਤ ।

ਸੰਕਰੁ ਮਉਲਿਓ ਜੋਗ ਧਿਆਨ ।
ਕਬੀਰ ਕੋ ਸੁਆਮੀ ਸਭ ਸਮਾਨ ॥੩॥੧॥

Shiva is blossoming in the yogas contemplation.
Kabir's Lord blooms amongst all alike.
ਯੋਗ ਦੇ ਚਿੰਤਨ ਅੰਦਰ ਸ਼ਿਵਜੀ ਪ੍ਰਫੁੱਲਤ ਹੋ ਰਿਹਾ ਹੈ ।
ਕਬੀਰ ਦਾ ਸਾਹਿਬ ਸਾਰਿਆਂ ਅਦਰ ਇਕ ਸਮਾਨ ਪ੍ਰਫੁੱਲਤ ਹੋ ਰਿਹਾ ਹੈ । — 0 -

# M/s. Amrit Kirtan Trust

| LIABILITIES | AMOUNT | TOTAL |
|---|---|---|
| | Rs. | Rs. |
| Accumulated Fund | 5,000,00 | |
| Add : Excess of Income | | |
| Over Expenditure. | 1.252.88 | 6,252.88 |
| Sundry Creditors | | 2,600.00 |
| | TOTAL : Rs. | 8,852.88 |

Place : Chandigarh
Date : 1, Oct. 1990

**CHARTERED ACCOUNTANT'S REPORT**

The above statement is in agreement with the books of accounr produced before us.

For G. S. GILL & ASSOCIATES
( GUNDEEP SINGH GILL )
Proprietor

# Balance Sheet

## AS AT 31ST MARCH, 1990

| ASSETS | AMOUNT Rs. | TOTAL Rs. |
|---|---|---|
| Fixed Deposit with : | | |
| Punjab & Sind Bank : | | |
| — No. 447940 | 1,000.00 | |
| — No. 448610 | 500.00 | |
| — No. 448626 | 500.00 | 2,000.00 |
| Interest Accrued | | 149.00 |
| Current Assets : | | |
| — In S/B Account with : | | |
| Punjab & Sind Bank | 4,832.08 | |
| — Cheques-in-hand | 500.00 | |
| — M/s Parasmant Printers | 1,000.00 | |
| — Cash-in-hand | 371.00 | 6,703.00 |
| | TOTAL : Rs. | 8,852.88 |

PRESIDENT
(Dr. JAGIR SINGH)

# M/s. Amrit Kirtan Trust

| PARTICULARS | | AMOUNT Rs. |
|---|---|---|
| To Magazin Printing | 23,205.49 | |
| LESS : Amount Received. | 12,281.50 | 323 99 |
| To Salary | | 1,850.00 |
| To Blocks & Designs | | 288.57 |
| To Conveyance | | 7,576.27 |
| To Staff Welfare | | 292.00 |
| To Newspaper, Books & periodicals | | 1,321.05 |
| To Telephone Expenses | | 511 50 |
| To Advertisement | | 1,450.00 |
| To Donation | | 41.60 |
| To Subscription | | 81.60 |
| To Bank Charges | | 34.00 |
| To Accounting Charges | | 3,600.00 |
| To Shields Trophies | | 1,819.00 |
| To Excess of Income Over Expenditure. | | 1.252.88 |
| | TOTAL ; Rs. | 20,442.46 |

Place ; Chandigarh
Date : 1 Oct. 1990

# Income and Expenditure Account

## FOR THE YEAR ENDED 31ST MARCH 1990

| PARTICULARS | AMOUNT Rs |
| --- | --- |
| By Subscription | 20,008.00 |
| By Interest | 382.46 |
| By Sale of Waste Stationery | 52,00 |
| TOTAL : Rs. | 20,442.46 |

### CHARTEPED ACCOUNTANT'S REPORT

The above statement is in agreement with the books account produced before us.

For G. S. GILL & ASSOCIATES
( GUNDEEP SINGH GILL )
Proprietor

PRESIDENT
( Dr. JAGIR SINGH )

(ਸਫਾ 10 ਦੀ ਬਾਕੀ)

ਨਾਲ ਰਚੀ ਮਿਚੀ ਤੇ ਇਸ ਦੀ ਸੂੱਤ ਦੀ ਆਦੀ ਹੋਈ ਹੋਵੇ। ਉਤਨਾ ਹੀ ਵਧੀਕ ਤੇ ਗਹਿਰਾ ਇਸ ਦਾ ਪ੍ਰਭਾਵ ਹੁੰਦਾ ਹੈ। (ਗੋਇਟੇ)

(੬) ਜਿਸ ਆਦਮੀ ਅੰਦਰ ਸੰਗੀਤ ਦੀ ਅੰਸ਼ ਤੇ ਇਸ ਲਈ ਕੋਈ ਮਸ ਨਹੀਂ। ਰਾਗ ਦੀ ਮਧਰ ਧੁਨੀ ਨਾਲ ਜਿਸ ਦੀ ਸੁਰਤ ਅੰਦਰ ਕੋਈ ਹਲੂਣਾ ਨਹੀਂ ਵਜਦਾ। ਧੋਖੇ, ਚਾਲਬਾਜ਼ੀਆਂ ਤੇ ਲੁੱਟ ਖ਼ਸੁੱਟ ਕਰਨ ਦੀ ਯੋਗਤਾ ਰੱਖਣ ਵਾਲਾ ਆਦਮੀ ਸਮਝ ਕੇ ਕਿਸੇ ਹਾਲਤ ਵਿਚ ਵੀ ਉਸ ਉਤੇ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ।

(ਸ਼ੈਕਸਪੀਅਰ)

(੭) ਸੰਗੀਤ ਰੱਬੀ ਸੰਦੇਸ਼ਾ ਦੇਣ ਵਾਲੇ ਮਹਾਂ ਪੁਰਸ਼ਾਂ ਦਾ ਆਪਣਾ ਖਾਸ ਹੁਨਰ ਏ। ਆਤਮਾ ਅੰਦਰ ਪੈਦਾ ਹੋਣ ਵਾਲੀ ਬੇਚੈਨੀ ਤੇ ਅਸ਼ਾਂਤੀ ਨੂੰ ਸ਼ਾਂਤ ਕਰਨ ਦੇ ਸਮਰਥ ਜੇ ਕੋਈ ਇਕ ਕੋਮਲ ਹੁਨਰ ਏ ਤਾਂ ਬਸ ਇਹ ਹੈ। ਪ੍ਰਮਾਤਮਾ ਦੀਆਂ ਬਖਸ਼ੀਆਂ ਸਭ ਤੋਂ ਕੀਮਤੀ ਤੇ ਅਨੰਦਦਾਇਕ ਬਖਸ਼ਸ਼ਾਂ ਤੇ ਦਾਤਾਂ ਵਿਚੋਂ ਸੰਗੀਤ ਦਾ ਆਪਣਾ ਇਕ ਵਿਸ਼ੇਸ਼ ਅਸਥਾਨ ਹੈ। (ਲਯੂਬ)

(੮) ਸੰਗੀਤ ਦੀ ਉੱਚ ਤੋਂ ਉੱਚਤਮ ਸੁੰਦਰਤਾ ਤੇ ਛਬੀ ਦਿਲ ਦੇ ਡੂੰਘੇ ਜਜ਼ਬਿਆਂ ਤੋਂ ਪ੍ਰਵਾਹਿਤ ਹੁੰਦੀ ਏ। (ਐਮਾਨਜ਼)

(੯) ਸੰਗੀਤ ਮੇਰੀ ਆਤਮਾ ਨੂੰ ਇਕਾਗਰ ਕਰਦਾ, ਮੇਰੇ ਵਿਚਾਰਾਂ ਨੂੰ ਅਡੋਲਤਾ ਦੇਂਦਾ, ਮੇਰੇ ਕੰਨਾਂ ਨੂੰ ਅਨੰਦਿਤ ਕਰਦਾ, ਮਨ ਨੂੰ ਤਾਜ਼ਗੀ ਬਖਸ਼ਦਾ ਤੇ ਨਾ ਸਿਰਫ ਆਉਣ ਵਾਲੇ ਕਾਰ ਵਿਹਾਰ ਲਈ ਮੈਨੂੰ ਤਿਆਰ ਬਰ ਤਿਆਰ ਕਰਦਾ ਹੈ – ਸਗੋਂ ਸੂੱਤ ਦੇ ਉਸੇ ਵਰਤਮਾਨ ਸਮੇਂ ਵਿਚ ਹੀ ਮੇਰੇ ਦਿਲ ਨੂੰ ਨਿਰਮਲ ਤੇ ਲਾਭਦਾਇਕ ਵਿਰਾਗ ਨਾਲ ਭਰਪੂਰ ਕਰ ਦੇਂਦਾ ਏ। ਜਦੋਂ ਤੋਂ ਜਿਉਂਦੇ ਸੰਗੀਤ ਦੀਆਂ ਮਧਰ ਅਵਾਜ਼ਾਂ ਮੇਰੇ ਕੰਨਾਂ ਵਿਚ ਪ੍ਰਵੇਸ਼ ਕਰਦੀਆਂ ਜਾਂਦੀਆਂ ਹਨ ਤਦੋਂ ਤੋਂ ਹੀ ਉਸ ਨਾਲ ਲਗਦੇ ਸਚਾਈ ਤੇ ਅਸਲੀਅਤ ਆਪਣੇ ਆਪ ਅਤਿ ਨਿਰਮਲ ਰੂਪ ਵਿਚ ਮੇਰੇ ਮਨ ਅੰਦਰ ਦਾਖਲ ਹੁੰਦੀ ਜਾਂਦੀ ਹੈ। (ਬੀ. ਪੀ. ਬੀਵਰਿਕ)

— 0 —